ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

International Daily Newspaper & WEB TV

www.awazeqaumtv.com

Also On

Visit on facebook

https://www.facebook.com/awazeqaumtv/videos/1948995821245531/

https://youtu.be/LQwolgxDu7I

awazeqaumtvpunjab@gmail.com

ਐਤਵਾਰ, 7 ਦਸੰਬਰ 2025 (ਨਾਨਕਸ਼ਾਹੀ ਸੰਮਤ : ੫੫੭, ੨੨ ਮੱਘਰ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ.ਕੇ., ਸੰਪਰਕ : +447458381111,+447976210161,+919729091243

## ਯਾਤਰੀਆਂ ਨੂੰ ਦਿੱਤੀ ਵੱਡੀ ਰਾਹਤ

# ਇੰਡੀਗੋ ਸੰਕਟ ਵਿਚਾਲੇ ਕੇਂਦਰ ਸਰਕਾਰ ਦਾ ਵੱਡਾ ਫ਼ੈਸਲਾ !

**ਨਵੀਂ ਦਿੱਲੀ, 6 ਦਸੰਬਰ (ਆਵਾਜ਼ਿ ਕੌਮ ਬਿਊਰੋ)**-ਪਿਛਲੇ ਕੁਝ ਦਿਨਾਂ 'ਚ ਫਲਾਈਟਾਂ ਦੇ ਲਗਾਤਾਰ ਰੱਦ ਹੋਣ ਤੇ ਦੇਰੀ ਕਾਰਨ ਏਅਰ ਕਿਰਾਏ ਬੇਕਾਬੂ ਹੋਣ ਤੋਂ ਬਾਅਦ ਕੇਂਦਰ ਸਰਕਾਰ ਨੇ ਤੁਰੰਤ ਦਖਲ ਦਿੰਦੇ ਹੋਏ ਵੱਡਾ ਕਦਮ ਚੁੱਕਿਆ ਹੈ। ਇੰਡੀਗੋ ਦੀਆਂ ਉਡਾਨਾਂ ਰੱਦ ਹੋਣ ਕਾਰਨ ਕਈ ਰੂਟਾਂ 'ਤੇ ਟਿਕਟਾਂ ਦੀ ਕੀਮਤ 1-1 ਲੱਖ ਰੁਪਏ




ਤੱਕ ਪਹੁੰਚ ਰਹੀ ਸੀ। ਇਸ ਸੰਕਟ ਦੇ ਵਿਚਕਾਰ, ਸ਼ਹਿਰੀ ਹਵਾਬਾਜ਼ੀ ਮੰਤਰਾਲੇ (MOCA) ਨੇ ਏਅਰਲਾਈਨਾਂ ਨੂੰ ਹਾਲਾਤ ਦਾ ਫਾਇਦਾ ਉਠਾ ਕੇ ਕੀਮਤਾਂ ਅਸਮਾਨ 'ਤੇ ਨਾ ਭੇਜਣ ਦੇਣ ਲਈ ਦੇਸ਼ ਭਰ ਦੇ ਸਾਰੇ ਰੂਟਾਂ 'ਤੇ ਕਿਰਾਇਆ ਸੀਮਾ ਲਾਗੂ ਕਰ ਦਿੱਤੀ ਹੈ। ਮੰਤਰਾਲੇ ਨੇ ਸਪੱਸ਼ਟ ਕੀਤਾ ਹੈ ਕਿ ਇਹ ਨਿਯੰਤਰਣ ਕਦਮ ਹਾਲਾਤ ਪੂਰੀ ਤਰ੍ਹਾਂ ਆਮ ਹੋਣ ਤੱਕ ਜਾਰੀ ਰਹੇਗਾ। ਇਸ ਫ਼ੈਸਲੇ ਤੋਂ ਬਾਅਦ ਏਅਰਲਾਈਨਾਂ ਹੁਣ ਮਨਮਰਜ਼ੀ ਨਾਲ ਕਿਰਾਇਆ ਨਹੀਂ ਵਧਾ ਸਕਣਗੀਆਂ ਤੇ ਯਾਤਰੀਆਂ ਨੂੰ ਆਖਰੀ ਸਮੇਂ ਦੀ ਬੁਕਿੰਗ ਵਿੱਚ ਅਸਹਿਣਯੋਗ ਰੇਟ ਨਹੀਂ ਝੱਲਣੇ ਪੈਣਗੇ। ਮੰਤਰਾਲੇ ਨੇ ਟਿਕਟਾਂ ਨੂੰ ਦੂਰੀ ਦੇ ਹਿਸਾਬ ਨਾਲ ਤਿੰਨ ਮੁੱਖ ਹਿੱਸਿਆਂ ਵਿੱਚ ਵੰਡ ਕੇ ਵੱਧ ਤੋਂ ਵੱਧ ਕੀਮਤਾਂ ਨਿਰਧਾਰਤ ਕੀਤੀਆਂ ਹਨ.

**ਨਵੇਂ ਕਿਰਾਏ ਦੀਆਂ ਸੀਮਾਵਾਂ** : 500 ਕਿਲੋਮੀਟਰ ਤੱਕ ਦੀਆਂ ਉਡਾਣਾਂ: ਇਨ੍ਹਾਂ ਰੂਟਾਂ ਲਈ ਅਧਿਕਤਮ ਕਿਰਾਇਆ 7,500 ਰੁਪਏ ਤੈਅ ਕੀਤਾ ਗਿਆ ਹੈ। 500 ਤੋਂ 1000 ਕਿਲੋਮੀਟਰ ਤੱਕ ਦੀਆਂ ਉਡਾਣਾਂ: ਇਨ੍ਹਾਂ ਉਡਾਣਾਂ ਲਈ ਅਧਿਕਤਮ ਕਿਰਾਇਆ 12,000 ਰੁਪਏ ਨਿਰਧਾਰਤ ਕੀਤਾ ਗਿਆ ਹੈ। 1000 ਤੋਂ 1500 ਕਿਲੋਮੀਟਰ ਤੱਕ ਦੀਆਂ ਉਡਾਣਾਂ: ਇਨ੍ਹਾਂ ਰੂਟਾਂ ਦਾ ਕਿਰਾਇਆ 15,000 ਰੁਪਏ ਤੋਂ ਵੱਧ ਨਹੀਂ ਲਿਆ ਜਾ ਸਕੇਗਾ। 1500 ਕਿਲੋਮੀਟਰ ਤੋਂ ਵੱਧ ਦੀਆਂ ਲੰਬੀਆਂ ਉਡਾਣਾਂ: ਇਨ੍ਹਾਂ 'ਤੇ ਅਧਿਕਤਮ ਕਿਰਾਇਆ 18,000 ਰੁਪਏ ਤੈਅ ਕੀਤਾ ਗਿਆ ਹੈ। ਇਹ ਕਿਰਾਇਆ ਸੀਮਾ ਸਾਰੇ ਬੁਕਿੰਗ ਚੈਨਲਾਂ 'ਤੇ ਲਾਗੂ ਹੋਵੇਗੀ, ਭਾਵੇਂ ਟਿਕਟ ਏਅਰਲਾਈਨ ਦੀ ਸਾਈਟ ਤੋਂ ਖਰੀਦੀ ਜਾਵੇ ਜਾਂ ਕਿਸੇ ਔਨਲਾਈਨ ਏਜੰਸੀ ਪਲੇਟਫਾਰਮ ਤੋਂ ਸਰਕਾਰ ਨੇ ਸਖ਼ਤ ਆਦੇਸ਼ ਦਿੱਤਾ ਹੈ ਕਿ ਏਅਰਲਾਈਨਾਂ ਨੂੰ ਸਾਰੀਆਂ ਕਿਰਾਇਆ ਸ਼੍ਰੇਣੀਆਂ ਵਿੱਚ ਟਿਕਟਾਂ ਉਪਲਬਧ ਰੱਖਣੀਆਂ ਪੈਣਗੀਆਂ ਅਤੇ ਉਹ ਸਸਤੇ ਕਿਰਾਏ ਵਾਲੇ ਵਿਕਲਪ ਬੰਦ ਨਹੀਂ ਕਰ ਸਕਦੀਆਂ. ਨਾਲ ਹੀ, ਜਿਸ ਰੂਟ 'ਤੇ ਫਲਾਈਟ ਰੱਦ ਹੋਈ ਹੈ, ਉੱਥੇ ਕਿਰਾਇਆ ਅਚਾਨਕ ਵਧਾਉਣ 'ਤੇ ਰੋਕ ਲਗਾਈ ਗਈ ਹੈ।




## ਜਲੰਧਰ 'ਚ ਕਤਲ ਕੀਤੀ ਕੁੜੀ ਦੇ ਮਾਮਲੇ 'ਚ ਗ੍ਰਿਫ਼ਤਾਰ ਮੁਲਜ਼ਮ ਜੂਡੀਸ਼ੀਅਲ ਹਿਰਾਸਤ 'ਚ ਭੇਜਿਆ

**ਜਲੰਧਰ, 6 ਦਸੰਬਰ (ਆਵਾਜ਼ਿ ਕੌਮ ਬਿਊਰੋ)**-ਜਲੰਧਰ ਵਿਖੇ ਕਤਲ ਕੀਤੀ 13 ਸਾਲਾ ਲੜਕੀ ਦੇ ਮਾਮਲੇ ਵਿੱਚ



ਅਦਾਲਤ ਨੇ ਮੁਲਜ਼ਮ ਨੂੰ ਜੂਡੀਸ਼ੀਅਲ ਕਸਟਡੀ ਵਿੱਚ ਭੇਜ ਦਿੱਤਾ ਹੈ। ਪੁਲਸ ਦੋਸ਼ੀ ਨੂੰ ਦੁਪਹਿਰ ਸਾਢੇ 12 ਵਜੇ ਦੇ ਕਰੀਬ ਸੈਸ਼ਨ ਅਦਾਲਤ ਵਿੱਚ ਪੇਸ਼ ਕਰਨ ਲਈ ਪਹੁੰਚੀ ਸੀ। ਸੁਣਵਾਈ ਲਗਭਗ ਇਕ ਘੰਟਾ ਚੱਲੀ। ਸੁਣਵਾਈ ਤੋਂ ਬਾਅਦ ਜੱਜ ਨੇ ਦੋਸ਼ੀ ਨੂੰ ਜੂਡੀਸ਼ੀਅਲ ਹਿਰਾਸਤ ਵਿੱਚ ਭੇਜ ਦਿੱਤਾ। ਇਸ ਤੋਂ ਪਹਿਲਾਂ ਸ਼ੁੱਕਰਵਾਰ ਨੂੰ ਦੋਸ਼ੀ ਨੂੰ ਇਕ ਦਿਨ ਦਾ ਰਿਮਾਂਡ ਦਿੱਤਾ ਗਿਆ ਸੀ। ਕੁੱਲ੍ਹ 12 ਦਿਨਾਂ ਦੇ ਰਿਮਾਂਡ ਦੌਰਾਨ ਪੁਲਸ ਨੇ ਕਈ ਮਹੱਤਵਪੂਰਨ ਖ਼ੁਲਾਸੇ ਕਰਨ ਦਾ ਦਾਅਵਾ ਕੀਤਾ ਹੈ। 22 ਨਵੰਬਰ ਨੂੰ ਇਕ 13 ਸਾਲਾ ਕੁੜੀ ਸ਼ੱਕੀ ਹਾਲਾਤਾਂ ਵਿੱਚ ਲਾਪਤਾ ਹੋ ਗਈ ਸੀ। ਕੁੜੀ ਦਾ ਡਰਾਈਵਰ ਮੁਲਜ਼ਮ ਨੇ ਜਬਰ-ਜ਼ਿਨਾਹ ਕਰਨ ਮਗਰੋਂ ਬੇਰਹਿਮੀ ਨਾਲ ਕਤਲ ਕਰ ਦਿੱਤਾ ਸੀ। ਬਾਅਦ ਵਿੱਚ ਉਸ ਦੀ ਲਾਸ਼ ਗੁਆਂਢੀ ਦੇ ਬਾਥਰੂਮ ਵਿੱਚੋਂ ਬਰਾਮਦ ਕੀਤੀ ਗਈ। ਪੁਲਸ ਨੇ ਇਸ ਮਾਮਲੇ ਵਿੱਚ ਲਾਪਰਵਾਹੀ ਲਈ ਏ. ਐੱਸ. ਆਈ. ਮੰਗਤ ਰਾਮ ਨੂੰ ਨੌਕਰੀ ਤੋਂ ਡਿਸਮਿਸ ਕਰ ਦਿੱਤਾ ਹੈ, ਜਦਕਿ ਦੋ ਪੀ. ਸੀ. ਆਰ. ਕਰਮਚਾਰੀਆਂ ਨੂੰ ਮੁਅੱਤਲ ਕਰ ਦਿੱਤਾ ਗਿਆ ਹੈ।

## ਗੈਂਗਸਟਰ ਗੋਲਡੀ ਬਰਾੜ ਦੀ ਗੈਂਗਸਟਰ ਲਾਰੈਂਸ ਬਿਸ਼ਨੋਈ ਨੂੰ ਧਮਕੀ; ਆਡੀਓ ਹੋਇਆ ਵਾਇਰਲ

**ਚੰਡੀਗੜ੍ਹ, 6 ਦਸੰਬਰ (ਆਵਾਜ਼ਿ ਕੌਮ ਬਿਊਰੋ)**-ਚੰਡੀਗੜ੍ਹ ਵਿੱਚ ਇੱਕ ਗੈਂਗ ਵਾਰ ਵਿੱਚ ਮਾਰੇ ਗਏ ਇੰਦਰਪ੍ਰੀਤ ਸਿੰਘ ਪੈਰੀ ਦੇ ਕਤਲ ਤੋਂ ਬਾਅਦ ਗੈਂਗਸਟਰ ਗੋਲਡੀ ਬਰਾੜ ਨੇ ਲਾਰੈਂਸ ਬਿਸ਼ਨੋਈ ਨੂੰ ਇੱਕ ਵਾਰ ਫੇਰ ਤੋਂ ਧਮਕੀ ਦਿੱਤੀ ਹੈ। ਗੋਲਡੀ



ਬਰਾੜ ਦਾ ਇੱਕ ਕਥਿਤ ਆਡੀਓ ਵਾਇਰਲ ਹੋ ਰਿਹਾ ਹੈ, ਜਿਸ ਵਿੱਚ ਉਹ ਲਾਰੈਂਸ ਨੂੰ ਇੱਕ ਗਲਤਫਹਿਮੀ ਦਾ ਸ਼ਿਕਾਰ ਦੱਸਦਾ ਹੈ। ਹਾਲਾਂਕਿ ਪੀਟੀਸੀ ਨਿਊਜ਼ ਵਾਇਰਲ ਹੋ ਰਹੀ ਇਸ ਕਥਿਤ ਆਡੀਓ ਦੀ ਪੁਸ਼ਟੀ ਨਹੀਂ ਕਰਦਾ ਹੈ। ਦੱਸ ਦਈਏ ਕਿ ਵਾਇਰਲ ਹੋ ਰਹੇ ਕਥਿਤ ਆਡੀਓ ਚੋਂ ਆ ਰਹੀ ਆਵਾਜ਼ ਨੂੰ ਗੋਲਡੀ ਬਰਾੜ ਦੀ ਦੱਸੀ ਜਾ ਰਹੀ ਹੈ। ਇਹ ਪੂਰਾ ਆਡੀਓ ਛੇ ਮਿੰਟ ਦਾ ਹੈ। ਇਸ ਵਿੱਚ ਦੁਬਈ ਵਿੱਚ ਮਾਰੇ ਗਏ ਸਿਪਾਹੀ ਦਾ ਜ਼ਿਕਰ ਹੈ। ਇਸ ਵਿੱਚ, ਉਹ ਕਹਿੰਦਾ ਹੈ



ਕਿ ਵਿੱਕੀ ਟਾਹਲੇ ਨੂੰ ਦਿੱਤੀਆਂ ਜਾ ਰਹੀਆਂ ਧਮਕੀਆਂ ਨਾਲ ਉਸਦਾ ਕੋਈ ਲੈਣਾ-ਦੇਣਾ ਨਹੀਂ ਹੈ। ਲਾਰੈਂਸ ਸਿਰਫ਼ ਇੱਕ ਗਲਤਫਹਿਮੀ ਦਾ ਸ਼ਿਕਾਰ ਹੈ। ਗੋਲਡੀ ਨੇ ਕਿਹਾ ਕਿ ਪੈਰੀ ਨੂੰ ਮਾਰ ਕੇ, ਲਾਰੈਂਸ ਨੇ ਆਪਣੀ ਮੌਤ ਦੇ ਦਸਤਾਵੇਜ਼ਾਂ 'ਤੇ ਦਸਤਖਤ ਕੀਤੇ ਹਨ; ਕੁਦਰਤ ਉਸਨੂੰ ਉਸਦੇ ਵਿਸ਼ਵਾਸਘਾਤ ਲਈ ਜ਼ਰੂਰ ਸਜ਼ਾ ਦੇਵੇਗੀ। ਇਸ ਤੋਂ ਪਹਿਲਾਂ, ਹੈਰੀ ਬਾਕਸਰ, ਜੋ ਲਾਰੈਂਸ ਲਈ ਕੰਮ ਕਰਦਾ ਸੀ, ਦੇ ਧਮਕੀ ਭਰੇ ਕਥਿਤ ਆਡੀਓ ਨੋਟ ਤੋਂ ਬਾਅਦ, ਲਾਰੈਂਸ ਦੀ ਪੈਰੀ ਨਾਲ ਆਖਰੀ ਕਾਲ ਰਿਕਾਰਡਿੰਗ ਸਾਹਮਣੇ ਆਈ ਸੀ। ਕਾਲ ਰਿਕਾਰਡਿੰਗ ਵਿੱਚ, ਲਾਰੈਂਸ ਨੇ ਇੰਦਰਪ੍ਰੀਤ ਪੈਰੀ ਨੂੰ ਅਚਾਨਕ ਧਮਕੀ ਦਿੱਤੀ।

## ਸਾਬਕਾ ਸਿੱਖਿਆ ਰਾਜ ਮੰਤਰੀ ਤਾਰਾ ਸਿੰਘ ਲਾਡਲ ਦਾ ਦਿਹਾਂਤ

**ਰੂਪਨਗਰ, 6 ਦਸੰਬਰ (ਆਵਾਜ਼ਿ ਕੌਮ ਬਿਊਰੋ)**-ਸਾਬਕਾ ਸਿੱਖਿਆ ਰਾਜ ਮੰਤਰੀ ਮਾਸਟਰ



ਤਾਰਾ ਸਿੰਘ ਲਾਡਲ ਦਾ ਅੱਜ ਅਚਾਨਕ ਦਿਹਾਂਤ ਹੋ ਗਿਆ। ਉਨ੍ਹਾਂ ਸਵੇਰੇ ਤੜਕੇ ਅੰਤਿਮ ਸਾਹ ਲਿਆ। ਉਨ੍ਹਾਂ ਦਾ ਅੰਤਿਮ ਸੰਸਕਾਰ ਬਾਅਦ ਦੁਪਹਿਰ ਪਿੰਡ ਲਾਡਲ ਦੇ ਸ਼ਮਸ਼ਾਨ ਘਾਟ ਵਿੱਚ ਕੀਤਾ ਗਿਆ। ਅੰਤਿਮ ਵਿਦਾਈ ਦੌਰਾਨ ਪੰਜਾਬ ਪੁਲਸ ਵੱਲੋਂ ਉਨ੍ਹਾਂ ਨੂੰ ਸਲਾਮੀ ਦਿੱਤੀ ਗਈ। ਇਸ ਮੌਕੇ ਮੁੱਖ ਮੰਤਰੀ ਪੰਜਾਬ ਵੱਲੋਂ ਐੱਸ. ਡੀ. ਐੱਮ. ਰੂਪਨਗਰ ਨੇ ਸ਼ਰਧਾ ਦੇ ਫੁੱਲ ਭੇਂਟ ਕੀਤੇ। ਮਾਸਟਰ ਤਾਰਾ ਸਿੰਘ ਲੰਮਾ ਸਮਾਂ ਅਕਾਲੀ ਦਲ ਨਾਲ ਜੁੜੇ ਰਹੇ ਸਨ ਪਰ ਅਖੀਰਲੇ ਸਮੇਂ ਦੌਰਾਨ ਅਕਾਲੀ ਦਲ ਦੇ ਸੀਨੀਅਰ ਆਗੂਆਂ ਨਾਲ ਕੁਝ ਮਤਭੇਦ ਹੋਣ ਕਾਰਨ ਉਨ੍ਹਾਂ ਸਰਗਰਮ ਸਿਆਸਤ ਤੋਂ ਕਿਨਾਰਾ ਕਰ ਲਿਆ ਸੀ ਅਤੇ ਅੱਜਕਲ੍ਹ ਉਹ ਆਪਣੇ ਭਤੀਜਿਆਂ ਮਨਜਿੰਦਰ ਸਿੰਘ ਮਨੀ ਅਤੇ ਲਖਵਿੰਦਰ ਸਿੰਘ ਨਾਲ ਰਹਿ ਰਹੇ ਸਨ। ਉੱਥੇ ਹੀ ਅਕਾਲੀ ਦਲ ਵੱਲੋਂ ਡਾਕਟਰ ਦਲਜੀਤ ਸਿੰਘ ਚੀਮਾ ਨੇ ਸ਼ਰਧਾ ਦੇ ਫੁੱਲ ਭੇਂਟ ਕੀਤੇ। ਸ਼੍ਰੋਮਣੀ ਅਕਾਲੀ ਦਲ ਲੀਡਰ ਡਾ. ਦਲਜੀਤ ਸਿੰਘ ਚੀਮਾ ਨੇ ਉਨ੍ਹਾਂ ਆਪਣੇ ਸੋਸ਼ਲ ਮੀਡੀਆ ਹੈਂਡਲ ਉੱਪਰ ਪੋਸਟ ਸ਼ੇਅਰ ਕਰਦੇ ਹੋਏ ਲਿਖਿਆ, ਬਹੁਤ ਹੀ ਦੁੱਖ ਦੀ ਗੱਲ ਹੈ ਕਿ ਰੋਪੜ ਤੋਂ ਸਾਡੇ ਸੀਨੀਅਰ ਸਾਥੀ, ਸਾਬਕਾ ਮੰਤਰੀ ਮਾਸਟਰ ਤਾਰਾ ਸਿੰਘ ਲਾਡਲ ਜੀ ਅਕਾਲ ਚਲਾਣਾ ਕਰ ਗਏ ਹਨ, ਪਰਮਾਤਮਾ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਦੇਵੇ ਅਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖ਼ਸ਼ੇ। ਸ਼੍ਰੋਮਣੀ ਅਕਾਲੀ ਦਲ ਹਲਕਾ ਰੋਪੜ ਵੱਲੋਂ ਜਿਹੜੀਆਂ ਮੀਟਿੰਗਾਂ ਅੱਜ 12 ਅਤੇ 3 ਵਜੇ ਰੱਖੀਆਂ ਗਈਆਂ ਸੀ, ਲਾਡਲ ਸਾਬ੍ਹ ਦੇ ਵਿਛੋੜੇ ਕਰਕੇ ਹੁਣ ਇਹ ਮੀਟਿੰਗ 7 ਦਸੰਬਰ 2025 ਦਿਨ ਐਤਵਾਰ ਲਈ ਮੁਲਤਵੀ ਕਰ ਦਿੱਤੀਆਂ ਗਈਆਂ ਹਨ।

## ਗੁਰੂ ਘਰਾਂ ਬਾਹਰ ਧਰਨਾ ਲਗਾਉਣਾ ਕਿਸੇ ਵੀ ਤਰ੍ਹਾਂ ਜਾਇਜ਼ ਨਹੀਂ : ਸਕੱਤਰ ਪ੍ਰਤਾਪ ਸਿੰਘ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ ਨੇ ਕੁਝ ਜਥੇਬੰਦੀਆਂ ਵੱਲੋਂ 7 ਦਸੰਬਰ ਨੂੰ ਸ੍ਰੀ ਦਰਬਾਰ ਸਾਹਿਬ ਨੂੰ ਆਉਂਦੇ ਰਸਤੇ ਉਤੇ ਧਰਨਾ ਲਗਾਉਣ ਦੇ ਐਲਾਨ ਨੂੰ ਸਿੱਖ ਪਰੰਪਰਾਵਾਂ ਦੇ ਵਿਰੁੱਧ ਕਰਾਰ ਦਿੱਤਾ ਹੈ। ਦਫ਼ਤਰ ਸ਼੍ਰੋਮਣੀ ਕਮੇਟੀ ਤੋਂ ਜਾਰੀ ਕੀਤੇ ਗਏ ਇੱਕ ਬਿਆਨ ਵਿਚ ਸਕੱਤਰ ਪ੍ਰਤਾਪ ਸਿੰਘ ਨੇ ਆਖਿਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਦੇ ਜਿਸ ਮਾਮਲੇ ਨੂੰ ਲੈ ਕੇ ਕੁਝ ਲੋਕਾਂ ਵੱਲੋਂ ਧਰਨੇ ਦਾ ਐਲਾਨ ਕੀਤਾ ਗਿਆ ਹੈ, ਉਸ ਦੀ ਜਾਂਚ ਪੜਤਾਲ ਤੋਂ ਬਾਅਦ ਵਿਭਾਗੀ ਕਾਰਵਾਈ ਕੀਤੀ ਜਾ ਚੁੱਕੀ ਹੈ। ਉਨ੍ਹਾਂ ਕਿਹਾ ਕਿ ਮਾਨਯੋਗ ਅਦਾਲਤਾਂ ਵਿਚ ਵੀ ਇਨ੍ਹਾਂ ਕੇਸਾਂ ਦੀ ਸੁਣਵਾਈ ਹੋਈ ਹੈ, ਜਿਸ ਕਰਕੇ ਹੁਣ ਧਰਨੇ ਦੀ ਗੱਲ ਕੇਵਲ ਸਿਆਸੀ ਹਿਤਾਂ ਤੋਂ ਪ੍ਰੇਰਿਤ ਹੈ। ਉਨ੍ਹਾਂ ਕਿਹਾ ਕਿ ਕੁਝ ਲੋਕਾਂ ਵੱਲੋਂ ਇਸ ਮਾਮਲੇ 'ਤੇ ਜਾਣਬੁੱਝ ਕੇ ਸੰਗਤਾਂ ਨੂੰ ਗੁੰਮਰਾਹ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ।

## ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਮੁਰੰਮਤ ਮਗਰੋਂ ਲਗਾਏ ਸੋਨੇ ਦੇ ਪੱਤਰੇ



**ਅੰਮ੍ਰਿਤਸਰ, 6 ਦਸੰਬਰ (ਆਵਾਜ਼ਿ ਕੌਮ ਬਿਊਰੋ)**-ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਚੱਲ ਰਹੀ ਸੋਨੇ ਦੇ ਪੱਤਰਿਆਂ ਅਤੇ ਮੀਨਾਕਾਰੀ ਦੀ ਸਾਂਭ-ਸੰਭਾਲ ਦੀ ਸੇਵਾ ਤਹਿਤ ਅੱਜ ਮੁੱਖ ਦਰਬਾਰ ਦੇ ਅੰਦਰੂਨੀ ਹਿੱਸੇ (ਲਹਿੰਦੇ ਪਾਸੇ ਦੀ ਬਾਹੀ) ਵਿਚ ਸੋਨੇ ਦੇ ਪੱਤਰੇ ਲਗਾਏ ਗਏ। ਸ਼੍ਰੋਮਣੀ ਕਮੇਟੀ ਵੱਲੋਂ ਇਹ ਸੇਵਾ ਗੁਰੂ ਨਾਨਕ ਨਿਸ਼ਕਾਮ ਸੇਵਕ ਜਥਾ ਬਰਮਿੰਘਮ ਨੂੰ ਸੌਂਪੀ ਗਈ ਸੀ, ਜਿਨ੍ਹਾਂ ਨੇ ਲੋੜ ਅਨੁਸਾਰ ਮੁਰੰਮਤ ਦਾ ਕਾਰਜ ਕੀਤਾ ਹੈ। ਅੱਜ ਅਰਦਾਸ ਉਪਰੰਤ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਸਿੰਘ ਸਾਹਿਬ ਗਿਆਨੀ ਰਾਜਦੀਪ ਸਿੰਘ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਅਤੇ ਨਿਸ਼ਕਾਮ ਸੇਵਕ ਜਥੇ ਦੇ ਮੁਖੀ ਭਾਈ ਸਾਹਿਬ ਭਾਈ ਮਹਿੰਦਰ ਸਿੰਘ ਸੋਨੇ ਦੇ ਪੱਤਰੇ ਲੈ ਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਪਹੁੰਚੇ ਅਤੇ ਸ਼ਰਧਾ ਨਾਲ ਪੱਤਰੇ ਲਗਾਉਣ ਦੀ ਸੇਵਾ ਆਰੰਭ ਕਰਵਾਈ। ਇਸ ਮੌਕੇ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦੱਸਿਆ ਕਿ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਲੱਗੇ ਸੁਨਹਿਰੀ ਪੱਤਰੇ ਅਤੇ ਮੀਨਾਕਾਰੀ ਨੂੰ ਸੁਰੱਖਿਅਤ ਰੱਖਣ ਲਈ ਸਮੇਂ-ਸਮੇਂ ਕਾਰਜ ਕੀਤੇ ਜਾਂਦੇ ਹਨ ਅਤੇ ਇਸੇ ਤਹਿਤ ਹੀ ਗੁਰੂ ਨਾਨਕ ਨਿਸ਼ਕਾਮ ਸੇਵਕ ਜਥੇ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਸੇਵਾ ਸੌਂਪੀ ਗਈ ਹੈ। ਉਨ੍ਹਾਂ ਕਿਹਾ ਕਿ ਚੱਲ ਰਹੀ ਸੇਵਾ ਦੌਰਾਨ ਪੱਤਰਿਆਂ ਨੂੰ ਪਹਿਲਾਂ ਦੀ ਤਰ੍ਹਾਂ ਹੂਬਹੂ ਤਿਆਰ ਕਰਕੇ ਮੁੜ ਲਗਾਇਆ ਜਾ ਰਿਹਾ ਹੈ। ਇਸੇ ਤਰ੍ਹਾਂ ਮੀਨਾਕਾਰੀ ਦੀ ਸਾਂਭ-ਸੰਭਾਲ ਦਾ ਕਾਰਜ ਵੀ ਜਾਰੀ ਹੈ।

## ਸੱਚਖੰਡ ਸ੍ਰੀ ਦਰਬਾਰ ਸਾਹਿਬ ਨਤਮਸਤਕ ਹੋਏ ਪੰਜਾਬੀ ਗਾਇਕ ਮਲਕੀਤ ਸਿੰਘ, ਸਰਬੱਤ ਦੇ ਭਲੇ ਲਈ ਕੀਤੀ ਅਰਦਾਸ

ਪੰਜਾਬੀ ਸੰਗੀਤ ਜਗਤ ਦੇ ਪ੍ਰਸਿੱਧ ਗਾਇਕ ਅਤੇ ਐਨਆਰਆਈ ਕਲਾਕਾਰ ਮਲਕੀਤ ਸਿੰਘ ਅੱਜ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿਖੇ ਨਤਮਸਤਕ ਹੋਣ ਲਈ ਪਹੁੰਚੇ। ਇਸ ਮੌਕੇ ਉਹਨਾਂ ਨੇ ਗੁਰਘਰ ਦੇ ਦਰਸ਼ਨ ਕਰਕੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ। ਮਲਕੀਤ ਸਿੰਘ ਨੇ ਕਿਹਾ ਕਿ ਅੰਮ੍ਰਿਤਸਰ ਆਉਣਾ ਉਨ੍ਹਾਂ ਲਈ ਹਮੇਸ਼ਾਂ ਬਹੁਤ ਖੁਸ਼ੀ ਅਤੇ ਰੂਹਾਨੀ ਸੰਤੁੱਖ ਦਾ ਮੌਕਾ ਹੁੰਦਾ ਹੈ।

## ਬਜ਼ੁਰਗ ਨੂੰ ਰੱਖਿਆ ਡਿਜੀਟਲ ਅਰੈਸਟ ! 16 ਦਿਨ ਤੱਕ ਨਹੀਂ ਕੱਟਣ ਦਿੱਤਾ ਫੋਨ, ਪੂਰਾ ਮਾਮਲਾ ਕਰੇਗਾ ਹੈਰਾਨ



**ਜਲੰਧਰ/ਚੰਡੀਗੜ੍ਹ, 6 ਦਸੰਬਰ (ਆਵਾਜ਼ਿ ਕੌਮ ਬਿਊਰੋ)**-ਮਨੀ ਲਾਂਡ੍ਰਿੰਗ ਮਾਮਲੇ ਵਿਚ ਨਾਂ ਆਉਣ ਦਾ ਝਾਂਸਾ ਦੇ ਕੇ ਠੱਗਾਂ ਨੇ ਸੈਕਟਰ-45 ਸੀ ਦੇ ਰਹਿਣ ਵਾਲੇ 73 ਸਾਲਾ ਬਜ਼ੁਰਗ ਨੂੰ ਆਪਣੇ ਜਾਲ ਵਿਚ ਫਸਾ ਲਿਆ ਅਤੇ 16 ਦਿਨ ਤੱਕ ਵੀਡੀਓ ਕਾਲ ਜ਼ਰੀਏ ਡਿਜੀਟਲ ਅਰੈਸਟ ਰੱਖਿਆ। ਠੱਗਾਂ ਨੇ ਬਜ਼ੁਰਗ ਵਿਅਕਤੀ ਕੋਲੋਂ 52 ਲੱਖ ਰੁਪਏ ਵੱਖ-ਵੱਖ ਖਾਤਿਆਂ ਵਿੱਚ ਟਰਾਂਸਫਰ ਕਰਵਾ ਲਏ। 17ਵੇਂ ਦਿਨ ਬਜ਼ੁਰਗ ਵਿਅਕਤੀ ਦੇ ਪੁੱਤਰ ਨੂੰ ਇਸ ਗੱਲ ਦਾ ਪਤਾ ਲੱਗਿਆ ਅਤੇ ਉਸ ਨੇ ਤੁਰੰਤ ਪੁਲਸ ਸ਼ਿਕਾਇਤ ਦਰਜ ਕਰਵਾਈ, ਜਿਸ ਦੇ ਆਧਾਰ 'ਤੇ ਸਾਈਬਰ ਕ੍ਰਾਈਮ ਪੁਲਸ ਸਟੇਸ਼ਨ ਵਿੱਚ ਅਣਪਛਾਤੇ ਧੋਖੇਬਾਜ਼ਾਂ ਵਿਰੁੱਧ ਕੇਸ ਦਰਜ ਕੀਤਾ ਗਿਆ ਹੈ। ਸ਼ਸ਼ੀ ਕੁਮਾਰ ਸਹਾਏ ਨੇ ਦੱਸਿਆ ਕਿ ਉਹ ਇਕ ਨਿੱਜੀ ਕੰਪਨੀ ਤੋਂ ਆਪ੍ਰੇਸ਼ਨ ਮੈਨੇਜਰ ਵਜੋਂ ਸੇਵਾਮੁਕਤ ਹੋਏ ਹਨ। 27 ਅਕਤੂਬਰ ਨੂੰ ਉਸ ਨੂੰ ਇਕ ਅਣਜਾਣ ਨੰਬਰ ਤੋਂ ਇਕ ਵਟਸਐਪ ਕਾਲ ਆਈ। ਕਾਲ ਕਰਨ ਵਾਲੇ ਨੇ ਖ਼ੁਦ ਨੂੰ ਟ੍ਰਾਈ ਅਧਿਕਾਰੀ ਦੱਸਿਆ ਅਤੇ ਕਿਹਾ ਕਿ ਉਨ੍ਹਾਂ ਦਾ ਫ਼ੋਨ ਅਤੇ ਖਾਤਾ ਨੰਬਰ ਦੀ ਵਰਤੋਂ ਸ਼ੱਕੀ ਗਤੀਵਿਧੀਆਂ ਲਈ ਕੀਤੀ ਗਈ ਸੀ। ਉਨ੍ਹਾਂ ਖਾਤੇ ਵਿੱਚ ਮਨੀ ਲਾਂਡਰਿੰਗ ਨਾਲ ਸਬੰਧਤ ਲੱਖਾਂ ਰੁਪਏ ਦੇ ਲੈਣ-ਦੇਣ ਹੋਏ ਸਨ। ਕੋਲਾਬਾ ਪੁਲਿਸ ਸਟੇਸ਼ਨ ਵਿੱਚ ਮਨੀ ਲਾਂਡਰਿੰਗ ਦਾ ਇੱਕ ਮਾਮਲਾ ਵੀ ਦਰਜ ਕੀਤਾ ਗਿਆ ਹੈ, ਜਿਸ ਵਿੱਚ ਉਸਦਾ ਨਾਮ ਲਿਆ ਗਿਆ ਹੈ। ਇਸ ਲਈ, ਉਸ ਨੂੰ ਇਸ ਮਾਮਲੇ ਵਿੱਚ ਜਲਦੀ ਹੀ ਗ੍ਰਿਫ਼ਤਾਰ ਕਰ ਲਿਆ ਜਾਵੇਗਾ। ਈ. ਡੀ. ਦੀ ਵਿਸ਼ੇਸ਼ ਟੀਮ ਮਾਮਲੇ ਦੀ ਜਾਂਚ ਕਰ ਰਹੀ ਹੈ। ਉਸ ਨੇ ਇਕ ਵੀਡੀਓ ਕਾਲ ਕੀਤੀ ਅਤੇ ਕੁਝ ਸਰਕਾਰੀ ਦਸਤਾਵੇਜ਼ ਵਿਖਾਏ, ਜਿਨ੍ਹਾਂ ਵਿੱਚ ਉਸ ਦਾ ਨਾਮ ਅਤੇ ਪਤਾ ਸੀ। ਬਜ਼ੁਰਗ ਆਦਮੀ ਧੋਖੇਬਾਜ਼ਾਂ ਦੁਆਰਾ ਬੁਣੇ ਗਏ ਜਾਲ ਵਿੱਚ ਫਸ ਗਿਆ ਅਤੇ ਡਰ ਦੇ ਮਾਰੇ, ਉਸ ਨੇ ਵੀਡੀਓ ਕਾਲ ਨੂੰ ਡਿਸਕਨੈਕਟ ਨਹੀਂ ਕੀਤਾ।

# ਸੱਦਾ ਪੱਤਰ

# 8ਵੀਂ ਬਰਸੀ ਦੀ ਮਿੱਠੀ ਯਾਦ ਮੌਕੇ
## ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਪਾਠ ਦਾ ਭੋਗ 19 ਦਸੰਬਰ ਨੂੰ



ਸਵ. ਸ. ਪਿਆਰਾ ਸਿੰਘ ਜੀ ਪਹਿਲਵਾਨ

## ਸਵਰਗੀ ਸਰਦਾਰ ਪਿਆਰਾ ਸਿੰਘ ਪਹਿਲਵਾਨ ਜੀ ਦੀ

# 8ਵੀਂ ਬਰਸੀ ਤੇ ਮਿੱਠੀ ਯਾਦ ਮੌਕੇ

ਪਰਿਵਾਰ ਵਲੋਂ ਗੁਰਦੁਆਰਾ ਨਾਨਕਸਰ ਪਲੈਕ ਵਾਲਸਾਲ ਵਿਖੇ ਅਰੰਭ ਸ੍ਰੀ ਅਖੰਡਪਾਠ ਸਾਹਿਬ 19 ਦਸੰਬਰ 2025 ਦਿਨ ਸ਼ੁੱਕਰਵਾਰ ਸਵੇਰੇ 10 ਵਜੇ ਅਤੇ ਭੋਗ ਸ੍ਰੀ ਅਖੰਡਪਾਠ ਸਾਹਿਬ 21 ਦਸੰਬਰ 2025 ਦਿਨ ਐਤਵਾਰ ਸਵੇਰੇ 10 ਵਜੇ ਪਾਏ ਜਾਣਗੇ

**ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਦੀ ਅਰਦਾਸ ਉਪਰੰਤ ਗੁਰਦੁਆਰਾ ਸਾਹਿਬ ਦਾ ਹਜ਼ੂਰੀ ਜਥਾ ਕੀਰਤਨ ਕਰੇਗਾ। ਸਿੱਖ ਪ੍ਰਚਾਰਕ ਬਾਬਾ ਬਘੇਲ ਸਿੰਘ ਜੀ ਗੁਰਬਾਣੀ ਕਥਾ ਦੁਆਰਾ ਨਿਹਾਲ ਕਰਨਗੇ। ਭਾਈ ਹਰਮੇਲ ਸਿੰਘ ਦਿਲਬਰ ਦਾ ਢਾਡੀ ਜੱਥਾ ਅਤੇ ਪੰਥਕ ਬੁਲਾਰੇ ਸੰਗਤਾਂ ਨੂੰ ਨਿਹਾਲ ਕਰਨਗੇ।**

ਗੁਰੂ ਪਿਆਰੀ ਸਾਧ ਸੰਗਤ ਜੀਓ,
ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ।।

ਸਾਡੇ ਬਹੁਤ ਹੀ ਸਤਿਕਾਰਯੋਗ ਪਿਤਾ ਜੀ ਸਰਦਾਰ ਪਿਆਰਾ ਸਿੰਘ ਪਹਿਲਵਾਨ ਅਕਾਲ ਪੁਰਖ ਵਲੋਂ ਬਖਸੀ ਹੋਈ ਸਵਾਸਾਂ ਦੀ ਪੂੰਜੀ ਨੂੰ ਭੋਗਦੇ ਹੋਏ 16 ਦਸੰਬਰ 2017 ਸਾਨੂੰ ਸਦਾ ਲਈ ਸਦੀਵੀ ਵਿਛੋੜਾ ਦੇ ਗਏ ਸਨ। ਉਨ੍ਹਾਂ ਦੀ **ਅੱਠਵੀਂ ਬਰਸੀ** 'ਤੇ ਪਰਿਵਾਰ ਵਲੋਂ ਮਿੱਠੀ ਯਾਦ ਵਿੱਚ ਗੁਰਦੁਆਰਾ ਨਾਨਕਸਰ ਪਲੈਕ ਵਾਲਸਾਲ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਪਾਠ ਕਰਵਾਏ ਜਾ ਰਹੇ ਹਨ ।

**ਆਪ ਜੀ ਨੂੰ ਬੇਨਤੀ ਹੈ ਕਿ ਪਰਿਵਾਰ ਸਮੇਤ ਪਹੁੰਚ ਕੇ ਅਰਦਾਸ ਵਿੱਚ ਸ਼ਾਮਲ ਹੋਣ ਦੀ ਕ੍ਰਿਪਾਲਤਾ ਕਰਨੀ ਜੀ**

--- ★ ਗੁਰਦੁਆਰਾ ਸਾਹਿਬ ਦਾ ਪਤਾ ★----

**Gurdawara Nanaksar Pleck 4 Wellington St, Walsall , WS2 9QR, West Midlands , Tel. : 01922 641040**

-- ★ ਸਤਿਗੁਰੂ ਦੇ ਭਾਣੇ ਵਿੱਚ ★--

| | | | |
|---|---|---|---|
| ਬੀਬੀ ਗੁਰਮੀਤ ਕੌਰ | (ਪਤਨੀ) | ਕੁਲਵਿੰਦਰ ਕੌਰ | (ਪੁੱਤਰੀ) |
| ਰਘਵੀਰ ਸਿੰਘ | (ਪੁੱਤਰ) | ਜਸਵਿੰਦਰ ਕੌਰ | (ਪੁੱਤਰੀ) |
| ਜਰਨੈਲ ਸਿੰਘ | (ਪੁੱਤਰ) | ਅਤੇ ਸਮੂਹ ਪਰਿਵਾਰ | |

Contact : 07830202647 (Jarnail Singh Johal), 07976210161 (Raghbir Singh)

ਆਵਾਜ਼ਿ ਕੌਮ AWAZE QAUM International Newspaper & WEB TV

ੴ ਵਾਹਿਗੁਰੂ ਜੀ ਕੀ ਫ਼ਤਹਿ॥







ਧੰਨ ਧੰਨ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ
ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਦੀ
350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ

"ਹਿੰਦ ਦੀ ਚਾਦਰ" ਮਹਾਨ ਗੁਰਮਤਿ ਸਮਾਗਮ
ਮਹਾਰਾਸ਼ਟਰ ਸਰਕਾਰ ਵੱਲੋਂ

ਮਿਤੀ 07 ਦਸੰਬਰ 2025, ਸਵੇਰੇ 9 ਵਜੇ ਤੋਂ ਰਾਤ 10 ਵਜੇ ਤੱਕ
ਸੁਰੇਸ਼ ਚੰਦਰ ਸੂਰੀ ਗਰਾਊਂਡ, ਬਲਾਕ ਨੰ. 168, ਜਰੀਪਟਕਾ ਪੁਲਿਸ ਸਟੇਸ਼ਨ ਰੋਡ,
ਨਾਰਾ, ਨਾਗਪੁਰ, ਮਹਾਰਾਸ਼ਟਰ - 440 014 ਵਿਖੇ ਕਰਵਾਇਆ ਜਾ ਰਿਹਾ ਹੈ।
ਆਪ ਜੀ ਨੂੰ ਬੇਨਤੀ ਹੈ ਕਿ ਸਮਾਗਮ ਵਿੱਚ ਸ਼ਾਮਿਲ ਹੋ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।



ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂਵਾਲੇ
ਮੁਖੀ ਦਮਦਮੀ ਟਕਸਾਲ, ਪ੍ਰਧਾਨ ਸੰਤ ਸਮਾਜ



ਸ੍ਰੀ ਦੇਵੇਂਦਰ ਫੜਨਵੀਸ
ਮੁੱਖ ਮੰਤਰੀ
ਮਹਾਰਾਸ਼ਟਰ ਸਰਕਾਰ



ਸ੍ਰੀ ਨਿਤਿਨ ਗਡਕਰੀ
ਕੇਂਦਰੀ ਸੜਕ ਆਵਾਜਾਈ
ਅਤੇ ਰਾਜਮਾਰਗ ਮੰਤਰੀ



ਸ੍ਰੀ ਯੋਗੀ ਆਦਿੱਤਿਆਨਾਥ
ਮੁੱਖ ਮੰਤਰੀ
ਉੱਤਰ ਪ੍ਰਦੇਸ਼ ਸਰਕਾਰ



ਸ੍ਰੀ ਏਕਨਾਥ ਸ਼ਿੰਦੇ
ਉਪ ਮੁੱਖ ਮੰਤਰੀ
ਮਹਾਰਾਸ਼ਟਰ ਸਰਕਾਰ



ਸ੍ਰੀ ਅਜੀਤ ਪਵਾਰ
ਉਪ ਮੁੱਖ ਮੰਤਰੀ
ਮਹਾਰਾਸ਼ਟਰ ਸਰਕਾਰ



ਰਣਜੋਧ ਸਿੰਘ ਕਾਂਝਲਾ ਵੱਲੋਂ

ਜਮੀਰ ਦਾ ਮਰਜਾਣਾ ਯਕੀਨਨ ਮੌਤ ਹੈ।
ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ




Physical death i do not fear
death of conscience is a sure death
Sant Jarnail Singh Ji Khalsa Bhindranwale
www.damdamitaksal.net






ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥
WAHEGURU JI KA KHALSA WAHEGURU JI KI FATEH

ਖੰਡੇ ਬਾਟੇ ਦੀ ਪਾਹੁਲ ਛੱਕ ਕੇ ਗੁਰੂ ਵਾਲੇ ਬਣੋ
Khande Bate di Pahul Shak Ke Guru Wale Bano
ਗੁਰਬਾਣੀ ਸੰਥਿਆ ਅਤੇ ਗੁਰਮਤਿ ਸਿੱਖਿਆ ਨਾਲ ਜੁੜੋ
Join Gurbani Santhia and Gurmat Sikhia
ਕੀਰਤਨ ਕਥਾ ਕਵੀਸ਼ਰੀ ਅਤੇ ਢਾਡੀ ਵਾਰਾਂ ਸਿੱਖੋ
Learn Kirtan Katha Kavishri and Dhadi Waran
ਗੁਰਮੁਖੀ ਪੰਜਾਬੀ ਸਿੱਖੋ
Learn Gurmukhi Punjabi
ਗਤਕਾ ਸਿੱਖੋ Learn Gatka
www.damdamitaksal.net



ਆਵਾਜ਼ਿ ਕੌਮ
Daily Newspaper from U.K.
Publisher/Chief Editor
**Raghbir Singh Walsal**
E-mail : awazeqaumtv@gmail.com
www.awazeqaumtv.com
for AWAZE QAUM Channel
https://youtu.be/LQwolgxDu7I
Contact :
+447458381111
+447976210161
+919729091243

ਆਵਾਜ਼ਿ ਕੌਮ AWAZE QAUM TV



ਭਾਈ ਰਘਵੀਰ ਸਿੰਘ ਵਾਲਸਾਲ
ਯੂ.ਕੇ. ਮੁੱਖ ਸੰਪਾਦਕ
Raghbir Singh Walsall uk


**ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ**

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ



ਸਾਂਝਾ ਪੰਜਾਬ
VEG & NON-VEG INDIAN
WE CATER FOR
★★★★★
Birthday
Weddings
Parties
All Other Occasions
SANJHA PUNJAB
VEG & NON-VEG INDIAN
TAKE AWAY MENU
0116 291 1565
075 9999 5787
47 BELGRAVE ROAD
LEICESTER LE4 6AR
visit us : www.sanjhapunjab.co.uk
email: sanjha47@hotmail.com
SANJHA PUNJAB
VEG & NON-VEG INDIAN
0116 291 1565
visit us : www.sanjhapunjab.co.uk
email: sanjha47@hotmail.com
ALLERGY ADVICE !!
Please ask a member of staff if you have any food intolerance or allergies.
ਆਵਾਜ਼ਿ ਕੌਮ
AWAZE QAUM
International Newspaper & WEB TV




# SAROA DENTAL CLINIC & IMPLANT CENTRE

**A Multispeciality Dental Clinic...**

- DENTAL CHECKUP
- CLEANING
- ROOT CANALS
- PREVENTIVE CARE

**LATEST FACILITIES AVAILABLE :**

Dental Implants
Dental Laset
Tooth Coloured Braces
Digital IOPA x-ray
Digital OPG x-ray

**DR. KAMALJIT SAROA**
B.D.S., Dental Surgeon
Moti Nagar, Near Railway
Crossing, Maqsudan
Jalandhar-144 008

**Contact :**
**98150-83338**
**70879-59639**



ਮੈਂ ਖ਼ੁਦ ਆਪਣਾ ਇਲਾਜ ਆਪਣੀ ਇੰਡੀਆ ਵਿਜਿਟ ਦੌਰਾਨ ਇੱਥੋਂ ਕਰਵਾਇਆ ਹੈ ਅਤੇ ਮੈਂ ਸਮੂਹ ਐਨ. ਆਰ. ਆਈਜ਼ ਅਤੇ ਲੋਕਲ ਵਸਨੀਕਾਂ ਨੂੰ ਵਿਸ਼ਵਾਸ ਦਿਵਾਉਂਦਾ ਹਾਂ ਕਿ ਸਰੋਆ ਡੈਂਟਲ ਕਲੀਨਿਕ ਅਤੇ ਇੰਪਲਾਂਟ ਸੈਂਟਰ ਵੱਲੋਂ ਬਹੁਤ ਹੀ ਵਧੀਆ ਅਤੇ ਵਾਜਬ ਸੇਵਾਵਾਂ ਪ੍ਰਦਾਨ ਕੀਤੀਆਂ ਹਨ ਅਤੇ ਇਸੇ ਕਾਰਨ ਮੈਂ ਅਪੀਲ ਕਰਦਾ ਹਾਂ ਕਿ ਜੇਕਰ ਕਿਸੇ ਨੂੰ ਵੀ, ਕਿਸੇ ਵੀ ਤਰ੍ਹਾਂ ਦੀ ਦੰਦਾਂ ਨਾਲ ਸੰਬੰਧਤ ਕੋਈ ਤਕਲੀਫ਼ ਹੈ ਤਾਂ ਇੱਕ ਵਾਰ ਇੱਥੇ ਜ਼ਰੂਰ ਵਿਜ਼ਿਟ ਕਰੋ।

**-ਰਘਵੀਰ ਸਿੰਘ ਵਾਲਸਾਲ, ਮੁੱਖ ਸੰਪਾਦਕ 'ਆਵਾਜ਼ਿ ਕੌਮ, ਯੂ. ਕੇ.'**





## ਨਵੇਂ ਬਿਜਲੀ ਬਿੱਲ ਵਿੱਚ ਕੇਂਦਰ ਸਰਕਾਰ ਨੇ ਬਿਜਲੀ ਮਹਿਕਮੇ ਨੂੰ ਕੇਂਦਰੀਕਰਨ ਅਤੇ ਨਿਜੀਕਰਨ ਦਾ ਰਾਹ ਮੋਕਲਾ ਕੀਤਾ

# ਬਿਜਲੀ ਸੋਧ ਬਿਲ ਅਤੇ ਸੀਡਜ ਬਿਲ ਦੇ ਖਿਲਾਫ਼ ਧਰਨੇ 8 ਨੂੰ

ਧੂਰੀ, 6 ਦਸੰਬਰ ਸੰਯੁਕਤ ਕਿਸਾਨ ਮੋਰਚਾ 'ਚ ਸ਼ਾਮਲ ਵੱਖ ਵੱਖ ਕਿਸਾਨ ਜੱਥੇਬੰਦੀਆਂ ਦੇ ਆਗੂਆਂ ਦੀ ਕੁਲ ਹਿੰਦ ਕਿਸਾਨ ਸਭਾ ਦੇ ਸੂਬਾਈ ਆਗੂ ਮੇਜਰ ਸਿੰਘ ਪੁੰਨਾਂਵਾਲ ਦੀ ਅਗਵਾਈ ਹੇਠ ਹੋਈ ਮੀਟਿੰਗ 'ਚ ਕੇਂਦਰ ਸਰਕਾਰ ਵੱਲੋਂ ਬਿਜਲੀ ਸੋਧ ਬਿਲ ਅਤੇ ਸੀਡਜ ਬਿਲ ਦੇ ਵਿਰੋਧ 'ਚ 8 ਦਸੰਬਰ ਨੂੰ ਧੂਰੀ ਦੀਆਂ ਵੱਖ

ਆਵਾਜ਼ਿ ਕੌਮ AWAZE QAUM International Newspaper & WEB TV

ਵੱਖ ਬਿਜਲੀ ਉਪ ਮੰਡਲਾਂ 'ਤੇ ਧਰਨੇ ਦੇਣ ਅਤੇ ਬਿਜਲੀ ਬਿਲ ਅਤੇ ਸੀਡਜ ਬਿਲ ਦੀਆਂ ਕਾਪੀਆਂ ਸਾੜ੍ਹਣ ਦਾ ਫ਼ੈਸਲਾ ਕੀਤਾ ਗਿਆ।

ਸੂਬਾਈ ਆਗੂ ਮੇਜਰ ਸਿੰਘ ਪੁੰਨਾਂਵਾਲ ਨੇ ਕਿਹਾ ਕਿ ਸੰਯੁਕਤ ਕਿਸਾਨ ਮੋਰਚਾ ਵੱਲੋਂ 8 ਦਸੰਬਰ ਨੂੰ ਬਿਜਲੀ ਬਿੱਲ 2025 ਖਿਲਾਫ ਬਿਜਲੀ ਬੋਰਡ ਦੇ ਡਵੀਜ਼ਨ ਦਫਤਰਾਂ ਅੱਗੇ ਬਿੱਲ ਦੀਆਂ ਕਾਪੀਆਂ ਸਾੜਨ ਦਾ ਫੈਸਲਾ ਕੀਤਾ ਗਿਆ ਹੈ। ਨਵੇਂ ਬਿਜਲੀ ਬਿੱਲ ਵਿੱਚ



ਕੇਂਦਰ ਸਰਕਾਰ ਨੇ ਬਿਜਲੀ ਮਹਿਕਮੇ ਨੂੰ ਕੇਂਦਰੀਕਰਨ ਅਤੇ ਨਿਜੀਕਰਨ ਦਾ ਰਾਹ ਮੋਕਲਾ ਕੀਤਾ ਹੈ। ਸੂਬਾਈ ਬਿਜਲੀ ਬੋਰਡ ਨੂੰ ਭੰਗ ਕਰਕੇ ਕੇਂਦਰ ਪੱਧਰ ਦੀ ਕੌਂਸਲ ਬਣਾਈ ਜਾਵੇਗੀ ਜਿਸ ਦਾ ਮੁਖੀ ਕੇਂਦਰੀ ਬਿਜਲੀ ਮੰਤਰੀ ਹੋਵੇਗਾ। ਕਰੋਸ ਸਬਸਿਡੀ ਨੂੰ ਬੰਦ ਕਰ ਦਿੱਤਾ ਜਾਵੇਗਾ। ਪਿੰਡਾਂ ਤੇ ਸ਼ਹਿਰਾਂ ਵਿੱਚ ਚਿੱਪ ਵਾਲੇ ਮੀਟਰ ਲਗਾਏ ਜਾਣਗੇ। ਜਿਸ ਨਾਲ ਇੱਕ ਪਾਸੇ ਬਿਜਲੀ ਮਹਿੰਗੀ ਹੋਵੇਗੀ ਤੇ ਦੂਸਰੇ ਪਾਸੇ ਰੁਜ਼ਗਾਰ ਨੂੰ ਸੱਟ ਵੱਜੇਗੀ। ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਬਿੱਲ ਖਿਲਾਫ ਵਿਧਾਨ ਸਭਾ ਦੇ ਵਿੱਚ ਮਤਾ ਪਾਸ ਕਰੇ ਅਤੇ ਕੇਂਦਰ ਸਰਕਾਰ ਨੂੰ ਲਿਖਤੀ ਤੌਰ ਤੇ ਬਿੱਲ ਰੱਦ ਕਰਨ ਲਈ ਆਪਣੇ ਸੁਝਾਅ ਭੇਜੇ।

ਇਸ ਮੌਕੇ ਅਮਰੀਕ ਸਿੰਘ ਕਾਂਝਲਾ, ਦਰਬਾਰਾ ਸਿੰਘ ਕਾਝਲਾ, ਗੁਰਜੀਤ ਸਿੰਘ ਭੜੀ ਮਾਨਸਾ, ਬਲਵਿੰਦਰ ਸਿੰਘ ਜੱਖਲਾਂ, ਨਾਜਮ ਸਿੰਘ, ਸੁਖਦੇਵ ਸਿੰਘ ਸ਼ਰਮਾ, ਜੰਗ ਸਿੰਘ, ਦਰਸ਼ਨ ਸਿੰਘ, ਕਰਮਜੀਤ ਸਿੰਘ ਬੇਨੜਾ, ਜੀਵਨ ਸਿੰਘ, ਬਲਜੀਤ ਸਿੰਘ, ਇੰਦਰ ਸਿੰਘ, ਗੁਰਜੰਟ ਸਿੰਘ, ਸੁਖਵੰਤ ਸਿੰਘ ਭਸੌੜ, ਪ੍ਰੀਤਮ ਸਿੰਘ ਬਾਦਸ਼ਾਹਪੁਰ, ਗੁਰਬਚਨ ਸਿੰਘ ਹਰਚੰਦਪੁਰ, ਦੀਦਾਰ ਸਿੰਘ ਬਰੜ੍ਹਵਾਲ, ਸੁਰਜੀਤ ਸਿੰਘ ਘਨੌਰੀ, ਆਦਿ ਵੀ ਹਾਜਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ਘੜੀਐ ਸਬਦੁ ਸਚੀ ਟਕਸਾਲ ॥

ਵਾਹਿਗੁਰੂ ਜੀ ਕਾ ਖਾਲਸਾ । ਵਾਹਿਗੁਰੂ ਜੀ ਕੀ ਫਤਿਹ ॥

# ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ ਵਿਖੇ

## Gurdwara Sahib Shaeed Baba Deep Singh ji Casalmorano Cremona (Italy)



# ਮਹਾਨ ਗੁਰਮਤਿ ਸਮਾਗਮ

☛ ਸ਼ਹੀਦੀ ਦਿਹਾੜਾ ਦਮਦਮੀ ਟਕਸਾਲ ਦੇ ਦੂਸਰੇ ਮੁਖੀ ਸ੍ਰੀਮਾਨ ਸੰਤ ਬਾਬਾ ਗੁਰਬਖਸ਼ ਸਿੰਘ ਸਾਹਿਬ ਜੀ 6 / 7 ਦਸੰਬਰ 2025 ਨੂੰ ਸਮਰਪਿਤ ਦੀਵਾਨ ਸੱਜਣਗੇ। ☛ ਸ਼ਹੀਦੀ ਜੋੜ ਮੇਲਾ ਸਿੰਘ ਸਿੰਘਣੀਆਂ ਗੁ: ਸ਼ਹੀਦ ਗੰਜ ਮਸ਼ਿਕਆਣਾ ਸਾਹਿਬ ਪਿੰਡ ਮੁੱਲਾਪਰ । ☛ ਜਨਮ ਦਿਵਸ਼ ਡਾਂ ਭਾਈ ਵੀਰ ਸਿੰਘ ਸਾਹਿਬ ਜੀ ਅੰਮ੍ਰਿਤਸਰ। ☛ ਜਨਮ ਦਿਵਸ ਸ੍ਰੋਮਣੀ ਭਗਤ, ਭਗਤ ਸੈਣ ਸਾਹਿਬ ਜੀ ਪਿੰਡ ਸੋਹਲ ਝਬਾਲ ਅੰਮ੍ਰਿਤਸਰ ਨੂੰ ਸਮਰਪਿਤ ਗੁਰਮਿਤ ਸਮਾਗਮ ਕਰਵਾਏ ਜਾ ਰਹੇ ਹਨ।

**ਸ਼ਨਿੱਚਰਵਾਰ ਸ਼ਾਮ 5 ਤੋਂ 8 ਵਜੇ ਤੱਕ ਦੀਵਾਨ ਸੱਜਣਗੇ।**

ਐਤਵਾਰ 7 ਦਸੰਬਰ 2025 ਨੂੰ 6:30 ਵਜੇ ਸਵੇਰੇ ਚੌਪੈਹਿਰੇ ਸਾਹਿਬ ਦੇ ਪਾਠਾਂ ਦੀ ਆਰੰਭਤਾ ਹੋਵੇਗੀ ਸਮੇਤ ਸੁਖਮਨੀ ਸਾਹਿਬ ਦੇ 10 ਵਜੇ ਭੋਗ ਪੈਣਗੇ ਉਪਰੰਤ 12 ਵਜੇ ਤੱਕ ਦੀਵਾਨ ਸੱਜਣਗੇ।

ਕਥਾ ਵਾਚਕ ਭਾਈ ਮਨਜੀਤ ਸਿੰਘ ਗੁਰਦਾਸਪੁਰ ਵਾਲੇ ਕਥਾ ਰਾਹੀਂ ਗੁਰਬਾਣੀ ਗੁਰ ਇਤਿਹਾਸ ਸਿੱਖ ਇਤਿਹਾਸ ਨਾਲ ਸਿੱਖ ਸੰਗਤਾਂ ਨੂੰ ਜੋੜਨਾ ਕਰਨਗੇ।

ਪ੍ਰਬੰਧਕ ਸੇਵਾਦਾਰਾਂ ਅਤੇ ਇੰਟਰਨੈਸ਼ਨਲ ਪੰਥਕ ਦਲ ਦੇ ਸਿੰਘਾਂ ਅਤੇ ਇਲਾਕਾ ਨਿਵਾਸੀ ਸਮੂੰਹ ਸਾਧ ਸੰਗਤਾਂ ਵੱਲੋਂ ਸੇਵਾ ਨਿਭਾਈ ਜਾਂਦੀ ਹੈ।

ਗੁਰੂ ਕਾ ਲੰਗਰ ਅਤੁੱਟ ਵਰਤੇਗਾ

ਜ਼ਰੂਰੀ ਬੇਨਤੀ : ਗੱਤਕੇ ਦੀ ਸਿਖਲਾਈ ਹਰ ਐਤਵਾਰ 11:00 ਤੋਂ 1 : 00 ਵਜੇ ਤੱਕ ਦਿੱਤੀ ਜਾਂਦੀ ਹੈ।

★ ਗੁਰੂ ਪੰਥ ਦੇ ਦਾਸਰੇ ★

**ਸਾਧ ਸੰਗਤ, ਪ੍ਰਬੰਧਕ ਕਮੇਟੀ**
ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:-
ਭਾਈ ਪ੍ਰਗਟ ਸਿੰਘ (ਪ੍ਰਧਾਨ) 00393208124778
ਭਾਈ ਬਲਰਾਮ ਸਿੰਘ +393885751594
ਭਾਈ ਪ੍ਰਭਜੀਤ ਸਿੰਘ ਆਜਾਨੇਲੋ +393881079260

ਸ਼ੇਅਰ ਜ਼ਰੂਰ ਕਰੋ ਜੀ। ☛ ਸਿੱਖ ਸੰਗਤਾਂ ਦੇ ਚਰਨਾਂ 'ਚ ਬੇਨਤੀ ਹੈ ਕਿ ਹੁੰਮ-ਹੁੰਮਾ ਕੇ ਪੁੱਜਣ ਦੀ ਕ੍ਰਿਪਾਲਤਾ ਕਰਨੀ ਜੀ।

**Gurdwara Sahib Shaeed Baba Deep Singh ji Damdami Taksaal**
Via Giacomo Matteotti 3Cap
26020Casalmorano Cremona (IT)
E-mail : gur.damdamitaksaalitaly@gmail.com
Call+393475711755 / 3208124778

ਜੋ ਉਪਜਿਓ ਸੋ ਬਿਨਸਿ ਹੈ ਪਰੋ ਆਜੁ ਕੇ ਕਾਲ॥ ਨਾਨਕ ਹਰਿ ਗੁਨ ਗਾਇ ਲੇ ਛਾਡਿ ਸਗਲ ਜੰਜਾਲ॥

# ਭੋਗ ਅਤੇ ਅੰਤਿਮ ਅਰਦਾਸ



ਆਪ ਜੀ ਨੂੰ ਦੁੱਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਸਾਡੇ ਸਤਿਕਾਰਯੋਗ

## ਸਵ: ਸਰਦਾਰਨੀ ਹਰਜਿੰਦਰ ਕੌਰ ਜੀ

ਧਰਮਪਤਨੀ ਬਾਬਾ ਸੁਖਵੰਤ ਸਿੰਘ ਚੰਨਣਕੇ

ਮਿਤੀ: 30.11.2025 ਨੂੰ ਆਪਣੀ ਸੰਸਾਰਿਕ ਯਾਤਰਾ ਪੂਰੀ ਕਰਦਿਆਂ ਅਕਾਲ ਪੁਰਖ ਵਾਹਿਗੁਰੂ ਦੇ ਹੁਕਮ ਅਨੁਸਾਰ ਪ੍ਰਲੋਕ ਗਮਨ ਕਰ ਗਏ ਹਨ। ਉਹਨਾਂ ਦੀ ਆਤਮਿਕ ਸ਼ਾਂਤੀ ਨਮਿੱਤ ਰੱਖੇ ਗਏ ਸ੍ਰੀ ਆਖੰਡ ਪਾਠ ਸਾਹਿਬ ਜੀ ਦਾ ਭੋਗ ਉਹਨਾਂ ਦੇ ਗ੍ਰਹਿ ਪਿੰਡ ਚੰਨਣਕੇ (ਜਿਲ੍ਹਾ ਅੰਮ੍ਰਿਤਸਰ) ਵਿਖੇ ਪਵੇਗਾ।

ਉਪਰੰਤ ਅੰਤਿਮ ਅਰਦਾਸ ਅਤੇ ਕਥਾ-ਕੀਰਤਨ 11 ਤੋਂ 1 ਵਜੇ ਤੱਕ

## ਮਿਤੀ 9 ਦਸੰਬਰ 2025, ਦਿਨ ਮੰਗਲਵਾਰ ਨੂੰ

## ਗੁਰਦੁਆਰਾ ਸਾਹਿਬ ਬਾਬਾ ਚੰਨਣ ਜੀ

## ਪਿੰਡ ਚੰਨਣਕੇ (ਜਿਲ੍ਹਾ ਅੰਮ੍ਰਿਤਸਰ) ਵਿਖੇ ਹੋਵੇਗੀ।

ਆਪ ਜੀ ਨੇ ਅੰਤਿਮ ਅਰਦਾਸ 'ਚ ਸ਼ਾਮਿਲ ਹੋਣ ਦੀ ਕ੍ਰਿਪਾਲਤਾ ਕਰਨੀ ਜੀ।

ਵਾਹਿਗੁਰੂ ਦੇ ਭਾਣੇ 'ਚ

ਬਾਬਾ ਸੁਖਵੰਤ ਸਿੰਘ ਚੰਨਣਕੇ ਅਤੇ ਸਮੂਹ ਪਰਿਵਾਰ

ਮੋ: 99886-02656, 98782-12416, 98145-61418, 98155-06439

## ਦਿੱਲੀ ਗੁਰਦੁਆਰਾ ਕਮੇਟੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ

# 350 ਸਾਲਾ ਸ਼ਹੀਦੀ ਦਿਹਾੜੇ ਦੀ ਸੰਪੂਰਨਤਾ 'ਤੇ ਵੀ ਕਰੇਗੀ ਵੱਡੇ ਸਮਾਗਮ : ਕਾਲਕਾ, ਕਾਹਲੋਂ



**ਨਵੀਂ ਦਿੱਲੀ, 6 ਦਸੰਬਰ (ਮਨਪ੍ਰੀਤ ਸਿੰਘ ਖਾਲਸਾ):** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਜਿਸ ਤਰੀਕੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸਮਾਗਮ ਲਾਲ ਕਿਲ੍ਹੇ 'ਤੇ ਵੱਡੇ ਪੱਧਰ 'ਤੇ ਮਨਾਏ ਗਏ ਹਨ, ਇਸੇ ਤਰੀਕੇ ਸਾਲ ਭਰ ਚੱਲਣ ਵਾਲੇ ਸਮਾਗਮਾਂ ਮਗਰੋਂ ਸੰਪੂਰਨਤਾ ਸਮਾਗਮ ਵੀ ਵੱਡੇ ਪੱਧਰ 'ਤੇ ਮਨਾਏ ਜਾਣਗੇ। ਇਹ ਪ੍ਰਗਟਾਵਾ ਕਮੇਟੀ ਦੇ ਪ੍ਰਧਾਨ ਸਰਦਾਰ ਹਰਮੀਤ ਸਿੰਘ ਕਾਲਕਾ ਤੇ ਜਨਰਲ ਸਕੱਤਰ ਸਰਦਾਰ ਜਗਦੀਪ ਸਿੰਘ ਕਾਹਲੋਂ ਨੇ ਕੀਤਾ ਹੈ। ਗੁਰਦੁਆਰਾ ਮਾਤਾ ਸੁੰਦਰੀ ਜੀ ਵਿਖੇ ਗੁਰਮਤਿ ਸੰਗੀਤ ਅਕੈਡਮੀ ਦੇ ਵਿਦਿਆਰਥੀਆਂ ਤੇ ਸਟਾਫ ਵੱਲੋਂ ਕਰਵਾਏ ਗਏ ਸ਼ੁਕਰਾਨਾ ਸਮਾਗਮ ਨੂੰ ਸੰਬੋਧਨ ਕਰਦਿਆਂ ਸਰਦਾਰ ਕਾਲਕਾ ਤੇ ਸਰਦਾਰ ਕਾਹਲੋਂ ਨੇ ਕਿਹਾ ਕਿ ਦਿੱਲੀ ਹੀ ਨਹੀਂ ਬਲਕਿ ਦੇਸ਼ ਵਿਦੇਸ਼ ਤੋਂ ਸੰਗਤਾਂ ਨੇ ਲੱਖਾਂ ਦੀ ਗਿਣਤੀ ਵਿਚ ਲਾਲ ਕਿਲ੍ਹੇ 'ਤੇ ਹੋਏ ਸਮਾਗਮਾਂ ਵਿਚ ਹਾਜ਼ਰੀ ਭਰੀ ਜਿਸ ਵਾਸਤੇ ਅਸੀਂ ਸੰਗਤਾਂ ਦੇ ਤਹਿ ਦਿਲੋਂ ਧੰਨਵਾਦੀ ਹਾਂ। ਉਹਨਾਂ ਕਿਹਾ ਕਿ ਇਹਨਾਂ ਸਮਾਗਮਾਂ ਵਿਚ ਦਿੱਲੀ ਸਰਕਾਰ ਦੀ ਸ਼ਮੂਲੀਅਤ ਲਈ ਅਸੀਂ ਮੁੱਖ ਮੰਤਰੀ ਸ੍ਰੀਮਤੀ ਰੇਖਾ ਗੁਪਤਾ ਦੇ ਵੀ ਧੰਨਵਾਦੀ ਹਾਂ ਅਤੇ ਦਿੱਲੀ ਸਰਕਾਰ ਵਿਚ ਕੈਬਨਿਟ ਮੰਤਰੀ ਤੇ ਸਾਡੇ ਵਿਚੋਂ ਹੀ ਗਏ ਸਰਦਾਰ ਮਨਜਿੰਦਰ ਸਿੰਘ ਸਿਰਸਾ ਦੇ ਵੀ ਧੰਨਵਾਦੀ ਹਾਂ ਜਿਹਨਾਂ ਨੇ ਦਿੱਲੀ ਸਰਕਾਰ ਨੂੰ ਸਮਾਗਮਾਂ ਦੀ ਮਹਾਨਤਾ ਤੋਂ ਜਾਣੂ ਕਰਵਾ ਕੇ ਸਰਕਾਰ ਦੀ ਸ਼ਮੂਲੀਅਤ ਕਰਵਾਈ। ਉਹਨਾਂ ਕਿਹਾ ਕਿ ਸਰਕਾਰ ਦੀ ਸ਼ਮੂਲੀਅਤ ਦੀ ਬਦੌਲਤ ਇਹਨਾਂ ਪ੍ਰੋਗਰਾਮਾਂ ਦਾ ਵੱਡੇ ਪੱਧਰ 'ਤੇ ਪ੍ਰਚਾਰ ਵੀ ਹੋਇਆ ਜਿਸ ਵਾਸਤੇ ਦਿੱਲੀ ਗੁਰਦੁਆਰਾ ਕਮੇਟੀ ਨੇ ਵੀ ਵਡਮੁੱਲਾ ਯੋਗਦਾਨ ਪਾਇਆ। ਸਰਦਾਰ ਕਾਲਕਾ ਤੇ ਸਰਦਾਰ ਕਾਹਲੋਂ ਨੇ ਕਿਹਾ ਕਿ ਅਸੀਂ ਸਾਲ ਭਰ ਚੱਲਣ ਵਾਲੇ 350 ਸਾਲਾ ਸ਼ਹੀਦੀ ਦਿਹਾੜੇ ਦੇ ਸਮਾਗਮਾਂ ਦੀ ਸੰਪੂਰਨਤਾ 'ਤੇ ਵਿਸ਼ਾਲ ਸਮਾਗਮ ਕਰਨ ਦੀ ਵਿਉਂਤਬੰਦੀ ਕਰ ਰਹੇ ਹਾਂ ਅਤੇ ਇਸ ਵਿਚ ਹਰ ਵਰਗ ਦੀ ਸ਼ਮੂਲੀਅਤ ਕਰਵਾ ਕੇ ਇਹ ਸਮਾਗਮ ਵੀ ਯਾਦਗਾਰੀ ਬਣਾਉਣ ਦੇ ਯਤਨ ਕਰਾਂਗੇ।

ਉਹਨਾਂ ਇਹ ਵੀ ਐਲਾਨ ਕੀਤਾ ਕਿ 13 ਅਪ੍ਰੈਲ ਨੂੰ ਖਾਲਸਾ ਸਾਜਨਾ ਦਿਵਸ ਮੌਕੇ ਵਿਸ਼ਾਲ ਅੰਮ੍ਰਿਤ ਸੰਚਾਰ ਸਮਾਗਮ ਕਰਵਾਇਆ ਜਾਵੇਗਾ ਜਿਸ ਵਿਚ ਵੱਧ ਤੋਂ ਵੱਧ ਗਿਣਤੀ ਵਿਚ ਲੋਕਾਂ ਨੂੰ ਅੰਮ੍ਰਿਤ ਛਕਾਉਣ ਦਾ ਯਤਨ ਕੀਤਾ ਜਾਵੇਗਾ ਤੇ ਇਸ ਵਾਸਤੇ ਉਹ ਜਲਦੀ ਹੀ ਵੱਖ-ਵੱਖ ਗੁਰੂ ਘਰਾਂ ਦੇ ਹੈਡ ਗ੍ਰੰਥੀਆਂ ਤੇ ਹੋਰ ਵਰਗਾਂ ਨਾਲ ਵੀ ਮੀਟਿੰਗਾਂ ਕਰਨਗੇ। ਉਹਨਾਂ ਕਿਹਾ ਕਿ ਇਹਨਾਂ ਸਮਾਗਮਾਂ ਵਿਚ ਵੀ ਬੀਬੀਆਂ ਦਾ ਅਹਿਮ ਰੋਲ ਰਹੇਗਾ। ਉਹਨਾਂ ਕਿਹਾ ਕਿ ਉਹ ਸਮੁੱਚੀਆਂ ਬੀਬੀਆਂ ਦੇ ਵੀ ਧੰਨਵਾਦੀ ਹਨ ਜਿਹਨਾਂ ਨੇ ਸਹਿਜ ਪਾਠਾਂ ਦੀ ਲੜੀ ਆਰੰਭਣ ਅਤੇ ਸਮੂਹਿਕ ਕੀਰਤਨ ਕਰਨ ਵਾਸਤੇ ਬਹੁਤ ਹੀ ਲਾਮਿਸਾਲ ਕੰਮ ਕੀਤਾ। ਉਹਨਾਂ ਕਿਹਾ ਕਿ ਹਰ ਵਰਗ ਦੀ ਸ਼ਮੂਲੀਅਤ ਦੀ ਬਦੌਲਤ ਹੀ ਸਮਾਗਮ ਯਾਦਗਾਰੀ ਰਹੇ ਹਨ ਅਤੇ ਉਹ ਆਸ ਕਰਦੇ ਹਨ ਕਿ ਸੰਗਤਾਂ ਭਵਿੱਖ ਵਿਚ ਵੀ ਇਸੇ ਤਰੀਕੇ ਸਹਿਯੋਗ ਦਿੰਦੀਆਂ ਰਹਿਣਗੀਆਂ। ਉਹਨਾਂ ਕਿਹਾ ਕਿ ਦਿੱਲੀ ਗੁਰਦੁਆਰਾ ਕਮੇਟੀ ਵੱਲੋਂ ਕੀਤੇ ਜਾਂਦੇ ਕੰਮਾਂ ਦੀ ਸਫਲਤਾ ਵਿਚ ਦਿੱਲੀ ਦੀਆਂ ਸੰਗਤਾਂ ਦਾ ਵੱਡਾ ਯੋਗਦਾਨ ਹੈ।

## ਜਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਉਮੀਦਵਾਰਾਂ ਨੂੰ ਕਲੇਰ ਨੇ ਦਿੱਤਾ ਥਾਪੜਾ

# ਸ਼੍ਰੋਮਣੀ ਅਕਾਲੀ ਦਲ ਸਾਰੀਆਂ ਸੀਟਾਂ 'ਤੇ ਜਿੱਤ ਦਰਜ ਕਰੇਗਾ : ਐੱਸ ਆਰ ਕਲੇਰ



**ਜਗਰਾਉਂ (ਵਰਿਆਮ ਹਠੂਰ)**-ਸ਼੍ਰੋਮਣੀ ਅਕਾਲੀ ਦਲ ਵੱਲੋਂ ਜ਼ਿਲ੍ਹਾ ਪ੍ਰੀਸ਼ਦ ਦੇ 3 ਅਤੇ ਬਲਾਕ ਸੰਮਤੀ ਦੇ 24 ਉਮੀਦਵਾਰਾਂ ਨੇ ਚੋਣ ਮੈਦਾਨ ਵਿਚ ਉਤਰਕੇ ਮੋਰਚੇ ਮੱਲ ਲਏ ਹਨ। ਇਸ ਸਬੰਧੀ ਅਕਾਲੀ ਦਲ ਦੇ ਕੋਰ ਕਮੇਟੀ ਮੈਂਬਰ ਤੇ ਹਲਕਾ ਇੰਚਾਰਜ ਐੱਸ ਆਰ ਕਲੇਰ ਦੀ ਅਗਵਾਈ ਹੇਠ ਹੋਈ ਬੈਠਕ ਦੌਰਾਨ ਕਲੇਰ ਨੇ ਸਮੂਹ ਉਮੀਦਵਾਰਾਂ ਤਕੜੇ ਹੋ ਕੇ ਚੋਣ ਲੜਨ ਦਾ ਸੱਦਾ ਦਿੱਤਾ। ਇਸ ਮੌਕੇ ਪਾਰਟੀ ਵਰਕਰਾਂ ਤੇ ਉਮੀਦਵਾਰਾਂ ਵਿੱਚ ਜੋਸ਼ ਉਤਸ਼ਾਹ ਦੇਖਣ ਵਾਲਾ ਸੀ। ਇਸ ਮੌਕੇ ਸਮੂਹ ਉਮੀਦਵਾਰਾਂ ਨੂੰ ਥਾਪੜਾ ਦਿੰਦਿਆਂ ਕਲੇਰ ਨੇ ਆਖਿਆ ਕਿ ਸਾਰੀਆਂ ਸੀਟਾਂ 'ਤੇ ਜਿੱਤ ਪ੍ਰਾਪਤ ਕਰਨ ਲਈ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਵੇਲੇ ਕਰਵਾਏ ਵਿਕਾਸ ਕਾਰਜ ਅਤੇ ਸ਼੍ਰੋਮਣੀ ਅਕਾਲੀ ਦਲ ਦੀਆਂ ਨੀਤੀਆਂ ਨੂੰ ਘਰ-ਘਰ ਪਹੁੰਚਾਉਣਾ ਬੇਹੱਦ ਲਾਜ਼ਮੀ ਹੈ। ਇਸ ਮੌਕੇ ਕਲੇਰ ਨੇ ਜਿੱਥੇ ਉਮੀਦਵਾਰਾਂ ਨੂੰ ਤਕੜੇ ਹੋਣ ਦਾ ਸੱਦਾ ਦਿੱਤਾ ਉਥੇ ਹੀ ਸੁਚੇਤ ਕਰਦਿਆਂ ਕਿਹਾ ਕਿ ਭਾਵੇਂ ਸੱਤਾਧਾਰੀ ਧਿਰ ਹਰ ਹੀਲੇ ਚੋਣਾਂ ਜਿਤਣ ਦੀ ਸਾਜਿਸ਼ ਰਚ ਰਹੀ ਹੈ ਪ੍ਰੰਤੂ ਉਹ ਸੱਤਾਧਾਰੀ ਧਿਰ ਦੀ ਹਰ ਧੱਕੇਸ਼ਾਹੀ ਦਾ ਡੱਟਵਾਂ ਵਿਰੋਧ ਕਰਨਗੇ ਤੇ ਧੱਕੇਸ਼ਾਹੀ ਨਹੀਂ ਹੋਣ ਦਿੱਤੀ ਜਾਵੇਗੀ। ਇਸ ਮੌਕੇ ਗੁਰਚਰਨ ਸਿੰਘ ਗਰੇਵਾਲ ਤੇ ਚੰਦ ਸਿੰਘ ਡੱਲਾ ਕਿਹਾ ਕਿ ਪੰਜਾਬ ਦੇ ਲੋਕ ਸੱਤਾਧਾਰੀ ਧਿਰ ਦੀ ਕਾਰਗੁਜ਼ਾਰੀ ਤੋਂ ਬੇਹੱਦ ਨਿਰਾਸ਼ ਹਨ ਤੇ ਹੁਣ ਲੋਕਾਂ ਦੀ ਉਮੀਦ ਸਿਰਫ ਤੇ ਸਿਰਫ ਸ਼੍ਰੋਮਣੀ ਅਕਾਲੀ ਦਲ ਹੈ। ਸ੍ਰੀ ਕਲੇਰ ਵੱਲੋਂ ਚੋਣ ਮੈਦਾਨ ਵਿੱਚ ਉਤਾਰੇ ਜਿਲਾ ਪ੍ਰੀਸ਼ਦ ਦੇ ਉਮੀਦਵਾਰ ਗਾਲਿਬ ਕਲਾਂ ਜੋਨ ਤੋਂ ਦੀਦਾਰ ਸਿੰਘ ਮਲਕ ਸਾਬਕਾ ਚੇਅਰਮੈਨ, ਸਿੱਧਵਾਂ ਕਲਾਂ ਜੋਨ ਤੋਂ ਹਰਮੀਤ ਕੌਰ, ਮਾਣੂੰਕੇ ਜੋਨ ਤੋਂ ਮਨਜੀਤ ਕੌਰ ਅਤੇ ਬਲਾਕ ਸੰਮਤੀ ਦੇ ਉਮੀਦਵਾਰ ਕੇਵਲ ਸਿੰਘ, ਭਗਵਾਨ ਸਿੰਘ, ਜੋਗਿੰਦਰ ਸਿੰਘ, ਅਮਰਜੀਤ ਕੌਰ, ਗੁਰਪ੍ਰੀਤ ਸਿੰਘ ਬਿੱਟੂ, ਸੁਖਵਿੰਦਰ ਸਿੰਘ ਸੇਠੀ, ਪਰਮਜੀਤ ਕੌਰ, ਰਸਪਾਲ ਸਿੰਘ, ਸੁਖਦੇਵ ਸਿੰਘ ਸੇਖੋਂ, ਸੁਰਿੰਦਰ ਸਿੰਘ, ਮਨਜੀਤ ਸਿੰਘ ਬਿੱਟੂ, ਪਰਮਜੀਤ ਕੌਰ, ਜਸਕਰਨ ਕੌਰ, ਜਸਵੀਰ ਕੌਰ, ਚਮਕੌਰ ਸਿੰਘ ਸਾਬਕਾ ਸਰਪੰਚ, ਹਰਜੀਤ ਕੌਰ, ਮਨਿੰਦਰ ਕੌਰ, ਕੁਲਵਿੰਦਰ ਸਿੰਘ, ਗੁਰਮੀਤ ਕੌਰ, ਸਤਪਾਲ ਕੌਰ ਗਰੇਵਾਲ, ਕਰਮਜੀਤ ਕੌਰ, ਪਰਮਜੀਤ ਕੌਰ, ਹਰਪ੍ਰੀਤ ਕੌਰ ਨੂੰ ਸਰੋਪਾ ਪਾ ਕੇ ਸਨਮਾਨਿਤ ਕੀਤਾ। ਇਸ ਮੌਕੇ ਮੈਂਬਰ SGPC ਭਾਈ ਗੁਰਚਰਨ ਸਿੰਘ ਗਰੇਵਾਲ, ਜ਼ਿਲ੍ਹਾ ਪ੍ਰਧਾਨ ਚੰਦ ਸਿੰਘ ਡੱਲਾ, ਸਾਬਕਾ ਚੇਅਰਮੈਨ ਸ ਦੀਦਾਰ ਸਿੰਘ ਮਲਕ, ਸਰਕਲ ਪ੍ਰਧਾਨ ਪਰਮਿੰਦਰ ਸਿੰਘ ਚੀਮਾ, ਸਰਕਲ ਪ੍ਰਧਾਨ ਕੁਲਦੀਪ ਸਿੰਘ ਗਿੱਦੜਵਿੰਡੀ, ਸਰਕਲ ਪ੍ਰਧਾਨ ਸਰਪ੍ਰੀਤ ਸਿੰਘ ਕਾਉਂਕੇ, ਸਰਕਲ ਪ੍ਰਧਾਨ ਰਣਧੀਰ ਸਿੰਘ ਚਕਰ, ਸਰਕਲ ਪ੍ਰਧਾਨ ਮਨਦੀਪ ਸਿੰਘ ਗਾਲਿਬ, ਸਰਕਲ ਪ੍ਰਧਾਨ ਚਰਨਜੀਤ ਸਿੰਘ ਜਗਰਾਓਂ, ਸਰਕਲ ਪ੍ਰਧਾਨ ਤੇਜਿੰਦਰਪਾਲ ਸਿੰਘ ਕੰਨਿਆ, ਸਾਬਕਾ ਸਿਨੀਅਰ ਮੀਤ ਪ੍ਰਧਾਨ ਨਗਰ ਕੌਂਸਲ ਦਵਿੰਦਰਜੀਤ ਸਿੰਘ ਸਿੱਧੂ, ਆਈ ਟੀ ਵਿੰਗ ਹਲਕਾ ਪ੍ਰਧਾਨ ਸੁਖਦੇਵ ਸਿੰਘ ਜੱਗਾ ਕਾਉਂਕੇ, ਆਈ ਟੀ ਵਿੰਗ ਹਲਕਾ ਕੋਆਰਡੀਨੇਟਰ ਗੁਰਪ੍ਰੀਤ ਸਿੰਘ ਬੱਸੂਵਾਲ, ਐਸ ਸੀ ਵਿੰਗ ਹਲਕਾ ਇੰਚਾਰਜ ਰੇਸਮ ਸਿੰਘ ਮਾਣੂੰਕੇ, ਪ੍ਰਧਾਨ ਅਮਰਜੀਤ ਸਿੰਘ ਰਸੂਲਪੁਰ, ਸਾਬਕਾ ਸਰਪੰਚ ਬੂਟਾ ਸਿੰਘ ਬੁਰਜ਼ ਕੁਲਾਰਾਂ, ਪਰਮਿੰਦਰ ਸਿੰਘ ਹਠੂਰ, ਬਲਜੀਤ ਸਿੰਘ ਹਠੂਰ, ਸੁਖਵਿੰਦਰ ਸਿੰਘ ਹਠੂਰ, ਸਰਵੇਸ਼ ਕੁਮਾਰ ਮਾਣੂੰਕੇ, ਸਾਬਕਾ ਸਰਪੰਚ ਜਸਦੇਵ ਸਿੰਘ ਲੀਲਾ, ਸਾਬਕਾ ਸਰਪੰਚ ਏਕਮ ਸਿੰਘ ਫਤਿਹਗੜ੍ਹ ਸਿਬੀਆ, ਸਾਬਕਾ ਸਰਪੰਚ ਨਿਰਭੈ ਸਿੰਘ ਅਲੀਗੜ੍ਹ, ਭਾਵਖੰਡਨ ਸਿੰਘ ਗਿੱਦੜਵਿੰਡੀ, ਸਾਬਕਾ ਸਰਪੰਚ ਸੁਰਿੰਦਰਪਾਲ ਸਿੰਘ ਬਾਘੀਆ, ਗੁਰਦੀਪ ਸਿੰਘ ਬੁਜਰਗ, ਗੁਰਵਿੰਦਰ ਤਰਫ ਕੋਟਲੀ, ਜਸਵੰਤ ਸਿੰਘ ਪੱਤੀ ਮੁਲਤਾਨੀ, ਯੂਥ ਪ੍ਰਧਾਨ ਜਤਿੰਦਰ ਸਿੰਘ ਰਿੰਕੂ ਅਤਰਗੜ੍ਹ ਕਲੇਰ, ਬਲਰਾਜ ਸਿੰਘ ਲੀਲਾ, ਪਿਆਰਾ ਸਿੰਘ ਕਾਉਂਕੇ ਕਲਾਂ , ਸਰਪੰਚ ਜਸਵੀਰ ਸਿੰਘ ਦੇਹੜਕਾ, ਭਜਨ ਸਿੰਘ ਦੇਹੜਕਾ, ਸੁਖਦੇਵ ਸਿੰਘ ਦੇਹੜਕਾ, ਸਾਬਕਾ ਸਰਪੰਚ ਬਲਦੇਵ ਸਿੰਘ ਬਾਰਦੇਕੇ, ਸਾਬਕਾ ਸਰਪੰਚ ਕਰਮਜੀਤ ਸਿੰਘ ਕੋਠੇ ਸ਼ੇਰਜੰਗ, ਸਰਪੰਚ ਗੁਰਚਰਨ ਸਿੰਘ ਕੰਨੀਆ, ਡਾਕਟਰ ਬਲਦੇਵ ਸਿੰਘ ਅਖਾੜਾ, ਗੁਰਪ੍ਰੀਤ ਸਿੰਘ ਕਾਉਂਕੇ, ਮਨਦੀਪ ਸਿੰਘ ਸਿੱਧਵਾਂ, ਹਰਦੇਵ ਸਿੰਘ ਸਿੱਧਵਾਂ, ਸਾਬਕਾ ਸਰਪੰਚ ਕਰਨੈਲ ਸਿੰਘ ਜਨੇਤਪੁਰਾ, ਹਰਜੀਤ ਸਿੰਘ ਜੌਹਲ, ਵਿਕੀ ਗਾਲਿਬ,ਪੰਚ ਸਾਧੂ ਸਿੰਘ ਮਾਣੂੰਕੇ , ਹਰਮਨ ਸ਼ੇਖਦੌਲਤ, ਨੰਬਰਦਾਰ ਜਗਦੇਵ ਸਿੰਘ ਲੰਮੇ, ਸਾਬਕਾ ਸਰਪੰਚ ਪਰਮਿੰਦਰ ਸਿੰਘ ਕੋਠੇ ਫਤਿਹਦੀਨ ਤੇ ਹੋਰ ਹਾਜ਼ਰ।

# ਕੋਠੀ 'ਚ ਕੀਤੇ ਹੋਏ ਕੰਮ ਦੇ ਪੈਸੇ ਨਾ ਮਿਲਣ ਕਾਰਨ ਰਾਜ ਮਿਸਤਰੀ ਨੇ ਫਾਹਾ ਲੈ ਕੇ ਕੀਤੀ ਜੀਵਨ ਲੀਲਾ ਖਤਮ



**ਤਲਵੰਡੀ ਸਾਬੋ, 6 ਦਸੰਬਰ (ਗੁਰਜੰਟ ਸਿੰਘ ਨਥੇਹਾ)**- ਸਬ ਡਿਵੀਜ਼ਨ ਤਲਵੰਡੀ ਸਾਬੋ ਦੇ ਪਿੰਡ ਮਿਰਜੇਆਣਾ ਵਿਖੇ ਕੋਠੀਆਂ ਬਣਾਉਣ ਵਾਲੇ ਰਾਜ ਮਿਸਤਰੀ ਨੇ ਕੀਤੇ ਹੋਏ ਕੰਮ ਦੇ ਪੈਸੇ ਨਾ ਮਿਲਣ ਅਤੇ ਮਾਰਨ ਦੀ ਧਮਕੀ ਤੋਂ ਤੰਗ ਆ ਕੇ ਜਗਸੀਰ ਸਿੰਘ ਨੇ ਆਪਣੀ ਜੀਵਨ ਲੀਲਾ ਖਤਮ ਕਰਨ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਪ੍ਰਾਪਤ ਕੀਤੀ ਜਾਣਕਾਰੀ ਅਨੁਸਾਰ ਪਤਾ ਲੱਗਿਆ ਹੈ ਕਿ ਜਗਸੀਰ ਸਿੰਘ ਰਾਜ ਮਿਸਤਰੀ ਸੀ ਅਤੇ ਪਿੰਡਾਂ ਦੇ ਵਿੱਚ ਠੇਕੇ ਤੇ ਕੋਠੀਆਂ ਬਣਾਉਣ ਦਾ ਕੰਮ ਕਰਦਾ ਸੀ। ਲਗਭਗ ਛੇ ਕੁ ਮਹੀਨੇ ਜਗਸੀਰ ਸਿੰਘ ਨੇ ਪਿੰਡ ਮਿਰਜੇਆਣਾ ਦੇ ਵਿੱਚ ਹੀ ਇੱਕ ਕੋਠੀ ਦਾ ਠੇਕਾ ਲਿਆ ਕੋਠੀ ਬਣਾਉਣ ਤੋਂ ਬਾਅਦ ਉਸ ਨੂੰ ਬਣਨ ਦੀ ਰਕਮ ਨਹੀਂ ਦਿੱਤੀ ਗਈ। ਮ੍ਰਿਤਕ ਜਗਸੀਰ ਸਿੰਘ ਦੀ ਪਤਨੀ ਗਗਨਦੀਪ ਕੌਰ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਉਸਦੇ ਪਤੀ ਨੇ ਵੀਹ ਕੁ ਦਿਨ ਪਹਿਲਾਂ ਕਰਨੈਲ ਸਿੰਘ ਉਰਫ ਗੁਰਚਰਨ ਸਿੰਘ ਪੁੱਤਰ ਫੌਜਾ ਸਿੰਘ ਅਤੇ ਬਲਜਿੰਦਰ ਸਿੰਘ ਪੁੱਤਰ ਕਰਨੈਲ ਸਿੰਘ ਨਾਲ ਬੈਠ ਕੇ ਕੋਠੀ ਦਾ ਹਿਸਾਬ ਕਰ ਲਿਆ ਸੀ ਹਿਸਾਬ ਕਰਨ ਤੋਂ ਬਾਅਦ ਜਗਸੀਰ ਸਿੰਘ ਦੇ ਲਗਭਗ 60 ਹਜਾਰ ਉਕਤ ਕਰਨੈਲ ਸਿੰਘ ਵੱਲ ਬਣਦੇ ਸਨ ਪ੍ਰੰਤੂ ਅਜੇ ਤੱਕ ਉਹਨਾਂ ਨੇ 60 ਹਜਾਰ ਰੁਪਏ ਤਾਂ ਕੀ ਦੇਣੇ ਸਨ ਕੋਠੀ ਦੇ ਕੰਮ ਵਿੱਚ ਨੁਕਸ ਕੱਢਣ ਅਤੇ ਮੇਰੇ ਪਤੀ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਦੇ ਰਹੇ ਸਨ। ਮੇਰੇ ਪਤੀ ਨੇ ਕਰਨੈਲ ਸਿੰਘ ਅਤੇ ਬਲਜਿੰਦਰ ਸਿੰਘ ਨੂੰ ਕਿਹਾ ਕਿ ਆਪਾਂ ਪੰਚਾਇਤ ਕੋਲ ਬੈਠ ਕੇ ਹਿਸਾਬ ਕਿਤਾਬ ਦੁਬਾਰਾ ਕਰ ਲੈਂਦੇ ਹਾਂ ਪ੍ਰੰਤੂ ਉਕਤ ਨੇ ਪੰਚਾਇਤ ਨਾਲ ਗੱਲਬਾਤ ਕਰਨ ਤੋਂ ਮਨਾ ਕਰ ਦਿੱਤਾ। ਜਿਸ ਦੇ ਚਲਦਿਆਂ ਮੇਰਾ ਪਤੀ ਜਗਸੀਰ ਸਿੰਘ ਪਰੇਸ਼ਾਨ ਰਹਿੰਦਾ ਸੀ। ਕੱਲ 05 ਦਸੰਬਰ, 2025 ਨੂੰ ਮੈਨੂੰ ਕੰਮ ਦਾ ਕਹਿ ਕੇ ਘਰੋਂ ਚਲਾ ਗਿਆ ਜਿਸ ਤੋਂ ਬਾਅਦ ਲਗਭਗ ਸ਼ਾਮ 7 ਵਜੇ ਜਗਸੀਰ ਸਿੰਘ ਦੀ ਇੱਕ ਵੀਡੀਓ ਵਟਸਐਪ ਗਰੁੱਪਾਂ ਵਿੱਚ ਦੇਖੀ ਗਈ ਤਾਂ ਉਸ ਤੋਂ ਬਾਅਦ ਉਸਦੀ ਭਾਲ ਕੀਤੀ ਗਈ ਤਾਂ ਇੱਕ ਦਰਖਤ ਨਾਲ ਲਟਕਦੀ ਹੋਈ ਲਾਸ਼ ਮਿਲੀ। ਗੱਡੀ ਰਾਹੀਂ ਸਿਵਲ ਹਸਪਤਾਲ ਤਲਵੰਡੀ ਸਾਬੋ ਲਿਆਂਦਾ ਗਿਆ ਤਾਂ ਡਾਕਟਰਾਂ ਨੇ ਮ੍ਰਿਤਕ ਘੋਸ਼ਿਤ ਕਰ ਦਿੱਤਾ। ਮ੍ਰਿਤਕ ਦੀ ਪਤਨੀ ਗਗਨਦੀਪ ਕੌਰ ਨੇ ਦੱਸਿਆ ਕਿ ਮੇਰਾ ਪਤੀ ਕਰਨੈਲ ਸਿੰਘ ਅਤੇ ਬਲਜਿੰਦਰ ਸਿੰਘ ਦੁਆਰਾ ਬਣਦੀ ਰਕਮ ਨਾ ਦੇਣ, ਪਿੰਡ ਵਿੱਚ ਬੇਇੱਜਤ ਕਰਨ ਕਰਕੇ ਜੀਵਨ ਲੀਲਾ ਖਤਮ ਕਰ ਲਈ। ਦੂਜੇ ਪਾਸੇ ਪੁਲਿਸ ਚੌਂਕੀ ਸੀਂਗੋ ਦੀ ਪੁਲਿਸ ਨੇ ਮ੍ਰਿਤਕ ਦੀ ਪਤਨੀ ਗਗਨਦੀਪ ਕੌਰ ਦੇ ਬਿਆਨਾਂ 'ਤੇ ਐੱਫ.ਆਈ.ਆਰ ਨੰਬਰ 320, ਮਿਤੀ 06/12/2025, ਧਾਰਾ 108 ਦੇ ਤਹਿਤ ਮਾਮਲਾ ਦਰਜ ਕਰ ਲਿਆ ਹੈ। ਪੁਲਿਸ ਚੌਂਕੀ ਸਿੰਘੋ ਦੇ ਏਐਸਆਈ ਸ. ਲਖਵਿੰਦਰ ਸਿੰਘ ਨੇ ਕਿਹਾ ਕਿ ਪੁਲਿਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ, ਜਗਸੀਰ ਸਿੰਘ ਦੀ ਵੀਡੀਓ ਵੀ ਖੰਗਾਲੀ ਜਾ ਰਹੀ ਹੈ ਜਲਦੀ ਹੀ ਆਰੋਪੀਆਂ ਨੂੰ ਗ੍ਰਿਫਤਾਰ ਕਰ ਲਿਆ ਜਾਵੇਗਾ।

# ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਪੰਜਾਬ ਦੀ ਬਲਾਕ ਤਲਵੰਡੀ ਸਾਬੋ ਦੀ ਹੋਈ ਮਹੀਨਾਵਾਰ ਮੀਟਿੰਗ



**ਤਲਵੰਡੀ ਸਾਬੋ, 06 ਦਸੰਬਰ (ਗੁਰਜੰਟ ਸਿੰਘ ਨਥੇਹਾ)**-ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ (ਰਜਿ:) ਬਲਾਕ ਦੀ ਮੀਟਿੰਗ ਬਲਾਕ ਕਾਰਜਕਾਰੀ ਮੈਂਬਰ ਭੋਲਾ ਸਿੰਘ ਸ਼ੇਖਪੁਰਾ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿੱਚ ਕਈ ਅਹਿਮ ਮੁੱਦਿਆਂ 'ਤੇ ਵਿਚਾਰਾਂ ਕੀਤੀਆਂ ਗਈਆਂ ਅਤੇ ਵੱਖ-ਵੱਖ ਵਿਸ਼ਿਆਂ ਤੇ ਸਾਥੀਆਂ ਨੂੰ ਸਿਹਤ ਸਹੂਲਤਾਂ ਬਾਰੇ ਦੱਸਿਆ ਗਿਆ। ਮੀਟਿੰਗ ਦੌਰਾਨ ਭੋਲਾ ਸਿੰਘ ਸ਼ੇਖਪੁਰਾ ਨੇ ਦੱਸਿਆ ਕਿ ਹੁਣ ਵੱਡੀ ਮਾਤਰਾ ਵਿੱਚ ਜੁਕਾਮ ਬੁਖਾਰ ਚੱਲ ਰਿਹਾ ਹੈ ਜਿਸਦਾ ਸਾਨੂੰ ਸਹੀ ਇਲਾਜ ਜਰੂਰੀ ਕਰਵਾਉਣਾ ਅਤੇ ਪ੍ਰਹੇਜ ਜਰੂਰ ਰੱਖਣਾ ਚਾਹੀਦਾ ਹੈ। ਇਸ ਤੋਂ ਇਲਾਵਾ ਐਸੋਸੀਏਸ਼ਨ ਦੀਆਂ ਕੁਝ ਜਰੂਰੀ ਗੱਲਾਂ 'ਤੇ ਵਿਚਾਰ ਵੀ ਕੀਤੀ ਗਈ। ਜ਼ਿਲ੍ਹਾ ਸੀਨੀਅਰ ਮੀਤ ਪ੍ਰਧਾਨ ਨਛੱਤਰ ਸਿੰਘ ਨਥੇਹਾ, ਜਿਲਾ ਕਾਰਜਕਾਰੀ ਮੈਂਬਰ ਲਛਮਣ ਕੁਮਾਰ ਜਗਾ, ਸਹਾਇਕ ਕੈਸ਼ੀਅਰ ਗੁਰਪ੍ਰੀਤ ਸਿੰਘ ਸਰਾਂ ਤਲਵੰਡੀ ਸਾਬੋ, ਗੱਗੜ ਸਿੰਘ ਗਹਿਲੇਵਾਲਾ, ਭਰਪੂਰ ਸਿੰਘ ਸੀਂਗੋ, ਅਮਨ ਧਾਲੀਵਾਲ, ਜਸਵੀਰ ਸਿੰਘ ਕੋਟਬਖਤੂ, ਰੇਸ਼ਮ ਸਿੰਘ ਭਾਗੀਵਾਂਦਰ, ਚਾਨਣ ਰਾਮ ਜਗਾ, ਰਛਪਾਲ ਸਿੰਘ ਤਲਵੰਡੀ ਸਾਬੋ, ਜਸਵੰਤ ਸਿੰਘ ਲੇਲੇਵਾਲਾ, ਬਲਵੰਤ ਸਿੰਘ ਤਲਵੰਡੀ ਸਾਬੋ, ਦਰਸ਼ਨ ਸਿੰਘ ਸੁਖਲੱਧੀ, ਸੁਖਮੰਦਰ ਸਿੰਘ, ਅਮ੍ਰਿਤਪਾਲ ਸਿੰਘ ਤਲਵੰਡੀ ਸਾਬੋ, ਤਰਸੇਮ ਸਿੰਘ, ਹਰਪ੍ਰੀਤ ਸਿੰਘ, ਵਿਜੈ ਕੁਮਾਰ ਬਾਘਾ, ਪ੍ਰਿਤਪਾਲ ਸਿੰਘ, ਕੁਲਵੰਤ ਸਿੰਘ, ਹਰਵਿੰਦਰ ਸਿੰਘ ਚਹਿਲਾਂਵਾਲੀ, ਵੈਦ ਰਾਜਾ ਸਿੰਘ, ਗੁਰਸੇਵਕ ਸਿੰਘ, ਜੱਜਪ੍ਰੀਤ ਸਿੰਘ ਨੌਰੰਗ, ਸੰਦੀਪ ਸਿੰਘ, ਗੁਰਦੀਪ ਸਿੰਘ ਜੀਵਨ ਸਿੰਘ ਵਾਲਾ, ਸੁਰੇਸ਼ ਕੁਮਾਰ, ਜਸਵੰਤ ਸਿੰਘ, ਨਸੀਬ ਸਿੰਘ, ਅਮਨਦੀਪ ਸਿੰਘ, ਮਨਜੀਤ ਸਿੰਘ ਧਿੰਗੜ, ਜਗਰੂਪ ਸਿੰਘ ਗੋਲੇਵਾਲਾ, ਗੁਰਪ੍ਰੀਤ ਸਿੰਘ ਸੁਖਲੱਧੀ, ਗੁਰਪ੍ਰੀਤ ਸਿੰਘ ਤਲਵੰਡੀ ਸਾਬੋ, ਗੁਰਵਿੰਦਰ ਸਿੰਘ ਬੰਗੀ ਦੀਪਾ, ਕੁਲਦੀਪ ਸਿੰਘ, ਜਗਸੀਰ ਸਿੰਘ ਸੀਂਗੋ, ਜਗਸੀਰ ਸਿੰਘ, ਜਗਦੀਸ਼ ਭੱਟੀ, ਨਿਰਮਲ ਸਿੰਘ ਲਹਿਰੀ, ਗੁਰਲਾਲ ਸਿੰਘ ਬਹਿਮਣ ਕੌਰ ਸਿੰਘ, ਗਗਨਦੀਪ ਸਿੰਘ ਮਾਨ, ਸੁਖਪਾਲ ਸਿੰਘ ਬਹਿਮਣ ਜੱਸਾ ਸਿੰਘ, ਜਸਵੰਤ ਸਿੰਘ, ਨਾਜ਼ਰ ਸਿੰਘ ਸੁਖਲੱਧੀ, ਤਰਸੇਮ ਸਿੰਘ, ਅਨਮੋਲ ਰਤਨ ਦੀਪ ਸਿੰਘ, ਜਸਵੀਰ ਸਿੰਘ, ਪ੍ਰਗਟ ਸਿੰਘ, ਬੂਟਾ ਸਿੰਘ, ਵਿਜੈ ਪਾਲ ਸਿੰਘ ਚੌਧਰੀ, ਨਰਿੰਦਰ ਸਿੰਘ ਬਹਿਮਣ ਕੌਰ ਸਿੰਘ ਆਦਿ ਸਾਥੀਆਂ ਨੇ ਭਾਗ ਲਿਆ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

“ਜੇਕਰ ਸਿੱਖਾਂ ਵਿੱਚ ਏਕਤਾ ਹੋ ਜਾਵੇ ਤਾਂ ਫਿਰ ਆਪਣਾ ਰਾਜ ਖ਼ਾਲਿਸਤਾਨ ਲੈਣਾ ਇੱਕ ਹਫਤੇ ਦੀ ਗੱਲ ਹੈ।”

# ਸਿੱਖੋ ! ਏਕਤਾ ਦੀ ਤਾਕਤ ਪਛਾਣੋ...



“ਜੇਕਰ ਸਿੱਖਾਂ ਵਿੱਚ ਏਕਤਾ ਹੋ ਜਾਵੇ ਤਾਂ ਫਿਰ ਆਪਣਾ ਰਾਜ ਖ਼ਾਲਿਸਤਾਨ ਲੈਣਾ ਇੱਕ ਹਫਤੇ ਦੀ ਗੱਲ ਹੈ।” ਸੰਤ ਗਿਆਨੀ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਦੇ ਮੁਖਾਰਬਿੰਦ ਤੋਂ ਇਹ ਸ਼ਬਦ ਨਿਕਲਿਆਂ ਨੂੰ ਚਾਲੀ ਸਾਲਾਂ ਤੋਂ ਵੀ ਵੱਧ ਦਾ ਸਮਾਂ ਹੋ ਚੁੱਕਿਆ ਹੈ । ਅਗਰ ਇਹਨਾਂ ਚਾਲੀ ਸਾਲਾਂ ਦੇ ਸਮੇਂ ਦੀ ਆਪਾਂ ਪੜਚੋਲ ਕਰੀਏ ਤਾਂ ਸਿੱਖਾਂ ਨੇ ਕਾਫੀ ਕੁੱਝ ਪਾਇਆ ਵੀ ਹੈ ਅਤੇ ਗਵਾਇਆ ਵੀ ਹੈ । ਸੰਨ 1978 ਤੋਂ ਚੱਲੀ ਹਿੰਦ ਪੰਜਾਬ ਦੀ ਜੰਗ ਕਈ ਪੜਾਵਾਂ ਵਿੱਚੋਂ ਦੀ ਲੰਘਦੀ ਹੋਈ ਮੰਜਿਲ ਏ ਖਾਲਿਸਤਾਨ ਨੂੰ ਅੰਤਰਰਾਸ਼ਟਰੀ ਦੇਸ਼ਾਂ ਦੀਆਂ ਪਾਰਲੀਮੈਂਟਾਂ ਤੋਂ ਲੈ ਕੇ ਯੂਨਾਈਟਿਡ ਨੇਸ਼ਨ ਤੱਕ ਲੈ ਕੇ ਪਹੁੰਚ ਗਈ ਹੈ । ਇਹ ਸਿੱਖਾਂ ਦੀਆਂ ਹੁਣ ਤੱਕ ਦੀਆਂ ਕੁਰਬਾਨੀਆਂ ਸ਼ਹਾਦਤਾਂ ਅਤੇ ਹੋਏ ਉਂਜਾੜੇ ਦੀ ਪ੍ਰਾਪਤੀ ਹੈ । ਦਿਲਚਸਪ ਗੱਲ ਇਹ ਹੈ ਕਿ ਹਾਲੇ ਸਾਡੇ ਵਿੱਚ ਏਕੇ ਦੀ ਘਾਟ ਹੈ ਫੇਰ ਵੀ ਅਸੀਂ ਆਪਣੀ ਆਵਾਜ਼ ਭਾਰਤ ਦੀਆਂ ਸਰਹੱਦਾਂ ਤੋਂ ਬਾਹਰ ਕੱਢ ਕੇ ਬਾਹਰਲੇ ਦੇਸ਼ਾਂ ਤੱਕ ਲੈ ਆਏ ਹਾਂ । ਮੈਂ ਮਹਿਸੂਸ ਕਰਦਾ ਹਾਂ ਕਿ ਸਾਡੇ ਵਿੱਚ ਅੰਦਰੂਨੀ ਏਕਤਾ ਹੈ ਪਰ ਬਾਹਰੀ ਏਕਤਾ ਨਹੀਂ ਹੈ । ਅੰਦਰੂਨੀ ਏਕਤਾ ਏਸ ਤਰਾਂ ਹੈ ਕਿ ਦੁਨੀਆਂ ਭਰ ਵਿੱਚ ਵਸਦੇ ਕਿਸੇ ਵੀ ਸਿੱਖ ਦੇ ਕੰਡਾ ਵੀ ਚੁੱਭ ਜਾਵੇ ਤਾਂ ਉੱਹ ਖਬਰ ਵਾਇਰਲ ਹੋ ਜਾਵੇ ਤਾਂ ਪੀੜ ਦਰਦ ਸਾਰੀ ਸਿੱਖ ਕੌਮ ਦੇ ਹੀ ਹੁੰਦੀ ਹੈ । ਸ੍ਰੀ ਹਰਿਮੰਦਰ ਸਾਹਿਬ ਜੀ ਸ੍ਰੀ ਅਕਾਲ ਤਖਤ ਸਾਹਿਬ ਜੀ ਸਮੇਤ ਸੱਤਰ ਹੋਰ ਗੁਰੂਧਾਮਾਂ ਉੱਪਰ ਭਾਰਤ ਦੀ ਅੱਤਵਾਦੀ ਸਰਕਾਰ ਨੇ ਹਮਲਾ ਕੀਤਾ ਤਾਂ ਉੱਸ ਸਮੇਂ ਉੱਹਨਾਂ ਸਿੱਖਾਂ ਨੂੰ ਵੀ ਪੀੜ ਅਤੇ ਦਰਦ ਹੋਈ ਸੀ ਜਿਹੜੇ ਸੰਤ ਗਿਆਨੀ ਜਰਨੈਲ ਸਿੰਘ ਜੀ ਖਾਲਸਾ ਦੇ ਕੱਟੜ ਵਿਰੋਧੀ ਸਨ ਅਤੇ ਖੂਨੀ ਹਿੰਦੋਸਤਾਨ ਅਤੇ ਹਿੰਦੋਸਤਾਨੀ ਸਰਕਾਰ ਦੇ ਕੜਛੀਆਂ ਜਿੱਡੇ ਜਿੱਡੇ ਚਮਚੇ ਸਨ ਅਤੇ ਇੰਦਰਾ ਗਾਂਧੀ ਦੀਆਂ ਚੱਪਲਾਂ ਝਾੜਨ ਨੂੰ ਹੀ ਆਪਣਾ ਧਰਮ ਅਤੇ ਸਭ ਕੁੱਝ ਸਮਝਦੇ ਸਨ । ਸੋ ਖਾਲਸਾ ਜੀ 1978 ਤੋਂ ਹੁਣ ਖਾਲਸਾ ਪੰਥ ਸੰਨ 2026 ਵਿੱਚ ਪਰਵੇਸ਼ ਕਰਨ ਜਾ ਰਿਹਾ ਹੈ । ਸਿਆਣੀਆਂ ਕੌਮਾਂ ਪਿਛਲੀਆਂ ਹੋਈਆਂ ਗਲਤੀਆਂ ਨੂੰ ਸੁਧਾਰ ਕੇ ਅੱਗੇ ਵਧਦੀਆਂ ਹੁੰਦੀਆਂ ਹਨ । ਆਉ ਆਪਾਂ ਸਾਰੇ ਰਲ ਮਿਲ ਕੇ ਇੱਕ ਇਹੋ ਜਿਹਾ ਸਾਂਝਾ ਪਲੇਟਫਾਰਮ ਇੱਕ ਇਹੋ ਜਿਹੀ ਸਾਂਝੀ ਸਟੇਜ ਤਿਆਰ ਕਰੀਏ ਜਿੱਥੋਂ ਬੁਲੰਦ ਕੀਤੀ ਗਈ ਆਵਾਜ਼ ਸਿੱਖ ਕੌਮ ਨੂੰ ਨਿਰਾਸ਼ਾ ਅਤੇ ਇੱਕ ਅਜੀਬ ਕਿਸਮ ਦੇ ਡਰ ਵਿੱਚੋਂ ਬਾਹਰ ਕੱਢ ਸਕੇ ਤਾਂ ਕੇ ਹਰ ਸਿੱਖ ਬੱਚਾ ਜਵਾਨ ਬੁੱਢਾ ਬੀਬੀ ਭੈਣ ਮਾਈ ਭਾਈ ਇਹ ਗੱਲ ਧੜੱਲੇ ਨਾਲ ਕਹਿ ਸਕੇ ਕਿ ਅਸੀਂ ਸਿੱਖ ਹਿੰਦੋਸਤਾਨ ਵਿੱਚ ਗੁਲਾਮ ਹਾਂ ਅਤੇ ਹਰ ਹੀਲੇ ਆਜ਼ਾਦ ਹੋਣਾ ਹੈ । ਜਿੰਨਾ ਸਮਾਂ ਦੁਸ਼ਮਣ ਦੇ ਦਿਲ ਵਿੱਚ ਸਿੱਖਾਂ ਦਾ ਡਰ ਨਹੀਂ ਬੈਠਦਾ ਉੱਨਾਂ ਚਿਰ ਜਿੱਤ ਪ੍ਰਾਪਤ ਹੋਣੀ ਮੁਸ਼ਿਕਲ ਹੈ । ਅਠਾਰਵੀਂ ਸਦੀ ਵਿੱਚ ਸਿੱਖਾਂ ਦੇ ਆਉਣ ਪਤਾ ਲੱਗ ਜਾਂਦਾ ਸੀ ਤਾਂ ਦੁਸ਼ਮਣ ਭੱਜ ਜਾਂਦੇ ਸਨ । ਸੰਤ ਜਰਨੈਲ ਸਿੰਘ ਜੀ ਬੱਬਰ ਸ਼ੇਰ ਵਾਲੀ ਇੱਕ ਦਹਾੜ ਮਾਰਦੇ ਸਨ ਤਾਂ ਦਿੱਲੀ ਦੀਆਂ ਕੰਧਾਂ ਕੰਬਣ ਲੱਗ ਜਾਂਦੀਆ ਸਨ । ਖਾੜਕੂ ਸਿੰਘਾਂ ਦੇ ਆਉਣ ਦੀ ਖਬਰ ਸੁਣਕੇ ਹੀ ਭਾਰਤੀ ਫੋਰਸਾਂ ਰਸਤਾ ਛੱਡ ਜਾਂਦੀਆਂ ਸਨ । ਗੁਰਪਤਵੰਤ ਸਿੰਘ ਪੰਨੂੰ ਦਾ ਇੱਕ ਬਿਆਨ ਹੀ ਭਾਰਤੀ ਸਰਕਾਰ ਅਤੇ ਭਾਰਤੀ ਖੁਫੀਆ ਏਜੰਸੀਆਂ ਦੀ ਨੀਂਦ ਹਰਾਮ ਕਰ ਦਿੰਦਾ ਹੈ । ਸੋ ਭਾਈ ਹਿੰਦੋਸਤਾਨ ਵਿੱਚ ਸਾਡੀ ਹੋਂਦ ਨੂੰ ਸਾਡੇ ਇਸ਼ਟ ਧਰਮ ਬੋਲੀ ਸੱਭਿਆਚਾਰ ਪਹਿਰਾਵੇ ਜਮੀਨਾਂ ਸਭ ਕਾਸੇ ਨੂੰ ਹੀ ਖਤਰਾ ਹੈ । ਬ੍ਰਾਹਮਣਵਾਦ ਰੂਪੀ ਦੈਂਤ ਸਾਡੇ ਉੱਤੇ ਲੁਕਵੇਂ ਅਤੇ ਅਣਦਿੱਖ ਵਾਰ ਕਰਕੇ ਸਾਨੂੰ ਸਿੱਖਾਂ ਨੂੰ ਆਪਣੇ ਵਿੱਚ ਜਜਬ ਕਰਨ ਦੀ ਧਾਰੀ ਬੈਠਾ ਹੈ । ਸਭ ਤੋਂ ਜਿਆਦਾ ਜ਼ਰੂਰਤ ਹੈ ਪਿੰਡਾਂ ਵਿੱਚ ਰਹਿ ਰਹੀ ਭੋਲੀ ਭਾਲੀ ਸਿੱਖ ਵਸੋਂ ਨੂੰ ਜਾਗਰੂਕ ਕਰਨ ਦੀ । ਇਸ ਲਈ ਬਹੁਤ ਹੀ ਜਿਆਦਾ ਮਿਹਨਤ ਕਰਨ ਦੀ ਲੋੜ ਹੈ । ਇਹਨਾਂ ਭੋਲੇ ਭਾਲੇ ਸਿੱਖਾਂ ਨੂੰ ਸਰਕਾਰਾਂ ਨੇ ਵੋਟਾਂ ਅਤੇ ਰੋਜਮਰਾ ਦੀਆਂ ਜਰੂਰਤਾਂ ਵਿੱਚ ਹੀ ਉੱਲਝਾਇਆ ਹੋਇਆ ਹੈ । ਕੋਈ ਵੀ ਧੜੱਲੇਦਾਰ ਬੇਬਾਕ ਅਤੇ ਨਿੱਡਰ ਜਿਹਾ ਆਗੂ ਚਾਹੀਦਾ ਹੈ ਤੇ ਆਪਾ ਕੁਰਬਾਨ ਕਰਨ ਵਾਲਿਆਂ ਦੀ ਕੌਮ ਵਿੱਚ ਕੋਈ ਘਾਟ ਨਹੀਂ ਹੈ। ਬਾਕੀ ਅਸੀਂ ਰਿਣੀ ਰਹਾਂਗੇ ਹਮੇਸ਼ਾਂ ਖਾਲਿਸਤਾਨੀ ਚਿੰਤਕ ਭਾਈ ਸਰਬਜੀਤ ਸਿੰਘ ਘੁਮਾਣ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਰਦਾਰ ਸਿਮਰਨਜੀਤ ਸਿੰਘ ਮਾਨ, ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ ਦੇ ਪ੍ਰਧਾਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ, ਭਾਈ ਬਲਜੀਤ ਸਿੰਘ ਖਾਲਸਾ , ਭਾਈ ਰਣਜੀਤ ਸਿਘ ਫ਼ਤਹਿਨਾਮਾ ਅਤੇ ਸਾਡੇ ਕੋਲੋਂ ਵਿੱਛੜ ਚੁਕੇ ਭਾਈ ਗਜਿੰਦਰ ਸਿੰਘ ਜੀ ਦਲ ਖਾਲਸਾ, ਭਾਈ ਜਸਪਾਲ ਸਿੰਘ ਜੀ ਹੇਰਾਂ, ਭਾਈ ਸੰਦੀਪ ਸਿੰਘ ਉੱਰਫ ਦੀਪ ਸਿੱਧੂ ਅਤੇ ਹੋਰ ਉੱਹਨਾਂ ਉੱਹਨਾਂ ਸਾਰੀਆਂ ਹੀ ਸ਼ਖ਼ਸੀਅਤਾਂ ਦੇ ਜਿਹਨਾਂ ਨੇ ਅਨੇਕਾਂ ਕਸ਼ਟ ਝੱਲ ਕੇ ਵੀ ਉੱਸ ਮਰਦ ਏ ਮੁਜਾਹਿਦ ਪੰਜਾਬ ਦੇ ਬੱਬਰ ਸ਼ੇਰ ਸੰਤ ਗਿਆਨੀ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੀ ਸੋਚ ਨੂੰ ਹੁਣ ਤੱਕ ਜਿੰਦਾ ਰੱਖਿਆ ਅਤੇ ਅੱਗੋਂ ਅੱਜ ਦੀ ਨਵੀਂ ਸਿੱਖ ਪੀੜ੍ਹੀ ਤੱਕ ਵੀ ਪਹੁੰਚਾਇਆ! ਪੰਥਕ ਰਸਾਲੇ ਖੰਡੇਧਾਰ, ਖਾਲਸਾ ਫ਼ਤਿਹਨਾਮਾ, ਖਾਲਸੇ ਦੀ ਵੰਗਾਰ, ਪਹਿਰੇਦਾਰ ਆਦਿਕ ਹਨੇਰੇ ਵਿੱਚ ਦੀਵਿਆਂ ਵਾਂਗ ਬਲ ਕੇ ਸਿੱਖ ਕੌਮ ਨੂੰ ਬਹੁਤ ਸਾਰੀ ਰੋਸ਼ਨੀ ਦੇ ਗਏ ਹਨ ਅਤੇ ਦੇ ਰਹੇ ਹਨ । ਜਿਹੜੇ ਏਸ ਖਾਲਿਸਤਾਨ ਦੀ ਆਜ਼ਾਦੀ ਲਈ ਜਾਨਾਂ ਹੀ ਕੁਰਬਾਨ ਕਰ ਗਏ ਉੱਹਨਾ ਦਾ ਕਰਜ਼ਾ ਤਾਂ ਅਸੀਂ ਕਰੋੜਾਂ ਜਨਮ ਧਾਰ ਕੇ ਵੀ ਨਹੀਂ ਦੇ ਸਕਾਂਗੇ । ਸੋ ਭਾਈ ਸਿੱਖੋ ਇਕੱਠੇ ਹੋਈਏ ਅਤੇ ਆਪਣੇ ਆਜ਼ਾਦੀ ਦੇ ਮਿਸ਼ਨ ਵੱਲ ਨੂੰ ਵਧੀਏ ਜੀ।



ਆਵਾਜ਼ਿ ਕੌਮ AWAZE QAUM International Newspaper & WEB TV

**- ਹਰਪ੍ਰੀਤ ਸਿੰਘ ਪੰਮਾ (ਆਸਟਰੀਆ)**

## ਮਹੰਤ ਆਸ਼ੀਸ਼ ਦਾਸ ਨੇ ਸੰਜੇ ਵਿਨਾਇਕ ਜੋਸ਼ੀ ਨਾਲ ਕੀਤੀ ਮੁਲਾਕਾਤ

# ਸ਼੍ਰੀ ਰਾਮ ਮੰਦਰ ਦੇ ਮਹਾਨ ਨਿਰਮਾਤਾ ਮਹੰਤ ਨ੍ਰਿਤਿਆ ਗੋਪਾਲ ਦਾਸ ਨੂੰ 'ਭਾਰਤ ਰਤਨ' ਦੇਣ ਲਈ ਸਹਿਯੋਗ ਦੀ ਮੰਗ

**ਨਵੀਂ ਦਿੱਲੀ, 6 ਦਸੰਬਰ (ਆਵਾਜ਼ਿ ਕੌਮ ਬਿਊਰੋ)**-ਰਾਮਾਨੰਦੀ ਵੈਸ਼ਨਵ ਸੰਪ੍ਰਦਾਏ, ਜੱਬਲਪੁਰ ਦੇ ਪ੍ਰਧਾਨ ਅਤੇ ਮਹੰਤ ਨ੍ਰਿਤਿਆ ਗੋਪਾਲ ਦਾਸ ਮਹਾਰਾਜ ਦੇ ਸ਼ਿਸ਼ ਮਹੰਤ ਆਸ਼ੀਸ਼ ਦਾਸ ਨੇ ਭਾਰਤੀ ਜਨਤਾ ਪਾਰਟੀ ਦੇ ਸਾਬਕਾ ਰਾਸ਼ਟਰੀ ਜਨਰਲ ਸਕੱਤਰ (ਸੰਗਠਨ) ਸ਼੍ਰੀ ਸੰਜੇ ਵਿਨਾਇਕ ਜੋਸ਼ੀ ਨਾਲ ਨਵੀਂ ਦਿੱਲੀ ਵਿਚ ਭੇਟ ਕੀਤੀ। ਮਹੰਤ ਆਸ਼ੀਸ਼ ਦਾਸ ਨੇ ਉਨ੍ਹਾਂ ਨੂੰ ਅਯੁੱਧਿਆ ਵਿੱਚ ਸ਼੍ਰੀ ਰਾਮ ਮੰਦਰ ਪੁਨਰਨਿਰਮਾਣ ਦੇ ਮਹਾਨ ਨਾਇਕ ਅਤੇ ਸ਼੍ਰੀ ਰਾਮ ਜਨਮ ਭੂਮੀ ਤੀਰਥ ਖੇਤਰ ਟਰੱਸਟ ਦੇ ਪ੍ਰਧਾਨ ਸੰਤ-ਸ਼੍ਰੋਮਣੀ ਮਹੰਤ ਨ੍ਰਿਤਿਆ ਗੋਪਾਲ ਦਾਸ ਮਹਾਰਾਜ ਨੂੰ 'ਭਾਰਤ ਰਤਨ' ਪੁਰਸਕਾਰ ਦੇਣ ਲਈ ਸਹਿਯੋਗ ਕਰਨ ਦੀ ਬੇਨਤੀ ਕੀਤੀ।




ਮਹੰਤ ਆਸ਼ੀਸ਼ ਦਾਸ ਨੇ ਕਿਹਾ ਕਿ ਮਹੰਤ ਨ੍ਰਿਤਿਆ ਗੋਪਾਲ ਦਾਸ ਜੀ ਸੱਚਮੁੱਚ ਭਾਰਤ ਦੇ ਮਾਣ, ਯੁੱਗ-ਪੁਰਖ ਅਤੇ ਸਨਾਤਨ ਧਰਮ ਦੇ ਮਹਾਨ ਧੁਰੰਧਰ ਹਨ। ਉਨ੍ਹਾਂ ਦਾ ਸੰਘਰਸ਼ਮਈ ਜੀਵਨ, ਰਾਸ਼ਟਰ ਅਤੇ ਸਨਾਤਨ ਪ੍ਰਤੀ ਅਟੱਲ ਸਮਰਪਣ, ਅਤੇ ਸ਼੍ਰੀ ਰਾਮ ਮੰਦਰ ਦੇ ਪੁਨਰਨਿਰਮਾਣ ਵਿੱਚ ਉਨ੍ਹਾਂ ਦੀ ਅਹਿਮ ਅਗਵਾਈ ਉਨ੍ਹਾਂ ਨੂੰ ਭਾਰਤ ਦੇ ਸਭ ਤੋਂ ਵੱਡੇ ਨਾਗਰਿਕ ਸਨਮਾਨ 'ਭਾਰਤ ਰਤਨ' ਦਾ ਸੱਚਾ ਹੱਕਦਾਰ ਬਣਾਉਂਦੀ ਹੈ।

ਉਨ੍ਹਾਂ ਕਿਹਾ, “ਇਹ ਲੱਖਾਂ ਰਾਮ ਭਗਤਾਂ ਅਤੇ ਪੂਰੇ ਹਿੰਦੂ ਸਮਾਜ ਦੀ ਭਾਵਨਾ ਹੈ ਕਿ ਇਸ ਮਹਾਨ ਯੁੱਗ-ਪੁਰਖ, ਸਨਾਤਨ ਦੇ ਮਰਿਆਦਾ-ਪੁਰਸ਼ ਨੂੰ ਭਾਰਤ ਰਤਨ ਨਾਲ ਨਿਵਾਜਿਆ ਜਾਵੇ। ਇਸ ਸੰਬੰਧ ਵਿੱਚ ਮਹਾਮਹਿਮ ਰਾਸ਼ਟਰਪਤੀ ਜੀ ਤੱਕ ਮਾਮਲਾ ਪਹੁੰਚਾਇਆ ਜਾਣਾ ਚਾਹੀਦਾ ਹੈ ਤਾਂ ਜੋ ਇਸ ਪਵਿੱਤਰ ਕਾਰਜ ਦੀ ਸਕਾਰਾਤਮਿਕ ਖ਼ਬਰ ਮਿਲ ਸਕੇ।” ਮਹੰਤ ਆਸ਼ੀਸ਼ ਦਾਸ ਨੇ ਅੱਗੇ ਕਿਹਾ ਕਿ ਮਰਯਾਦਾ ਪੁਰਸ਼ੋਤਮ ਭਗਵਾਨ ਸ਼੍ਰੀ ਰਾਮ ਭਾਰਤ ਦੀ ਸੰਸਕ੍ਰਿਤੀ, ਅਧਿਆਤਮਿਕਤਾ ਅਤੇ ਰਾਸ਼ਟਰੀ ਚੇਤਨਾ ਦੇ ਜੀਵੰਤ ਪ੍ਰਤੀਕ ਹਨ। ਪੰਜ ਸਦੀਆਂ ਬਾਅਦ ਸ਼੍ਰੀ ਰਾਮ ਜਨਮ-ਭੂਮੀ ਵਿਖੇ ਵਿਸ਼ਾਲ ਮੰਦਰ ਦਾ ਪੁਨਰਨਿਰਮਾਣ ਕੇਵਲ ਧਾਰਮਿਕ ਪ੍ਰਯਾਸ ਨਹੀਂ, ਸਗੋਂ ਸਨਾਤਨ ਧਰਮ ਦੇ ਮਹਾਨ ਪੁਨਰਜਾਗਰਣ ਦਾ ਪ੍ਰਤੀਕ, ਭਾਰਤੀ ਸੱਭਿਆਚਾਰ ਦੀ ਨਵੀਂ ਸਵੇਰ ਅਤੇ ਰਾਸ਼ਟਰੀ ਏਕਤਾ ਦਾ ਪ੍ਰਮਾਣ ਹੈ। ਇਹ ਸਵੈ-ਮਾਣ, ਸ਼ਰਧਾ ਅਤੇ ਨਵੇਂ ਯੁੱਗ ਦਾ ਐਲਾਨ ਹੈ।

ਉਨ੍ਹਾਂ ਕਿਹਾ ਕਿ ਮਹੰਤ ਨ੍ਰਿਤਿਆ ਗੋਪਾਲ ਦਾਸ ਜੀ ਰਾਮ ਜਨਮਭੂਮੀ ਅੰਦੋਲਨ ਦੇ “ਚੌਥੇ ਥੰਮ੍ਹ” ਹਨ। ਉਨ੍ਹਾਂ ਦੀ ਤਿਆਗ-ਤਪੱਸਿਆ, ਨਿਮਰਤਾ, ਸੇਵਾ ਅਤੇ ਲੋਕਹਿਤ ਲਈ ਕੁਰਬਾਨੀ ਉਨ੍ਹਾਂ ਨੂੰ ਸੰਤ-ਸਮਾਜ ਵਿਚ ਸਭ ਤੋਂ ਉੱਚਾ ਸਥਾਨ ਦਿੰਦੀ ਹੈ। ਸ਼੍ਰੀ ਰਾਮ ਜਨਮ ਭੂਮੀ ਤੀਰਥ ਖੇਤਰ ਟਰੱਸਟ ਨੇ ਉਨ੍ਹਾਂ ਨੂੰ ਸਰਬਸੰਮਤੀ ਨਾਲ ਪ੍ਰਧਾਨ ਚੁਣ ਕੇ ਉਨ੍ਹਾਂ ਦੇ ਯੋਗਦਾਨ ਦੀ ਪ੍ਰਮਾਣਿਕਤਾ ਦਿੱਤੀ ਹੈ। ਮਹੰਤ ਆਸ਼ੀਸ਼ ਦਾਸ ਨੇ ਦੱਸਿਆ ਕਿ ਪ੍ਰਯਾਗਰਾਜ ਵਿੱਚ ਬਾਬਾ ਮਨੀ ਰਾਮ ਦਾਸ ਛਾਉਣੀ ਸੇਵਾ ਖ਼ਾਲਸਾ ਆਸ਼ਰਮ ਦਾ 365 ਦਿਨ ਬਿਨਾ ਰੁਕੇ ਚੱਲਣ ਵਾਲਾ ਭੰਡਾਰਾ-ਲੰਗਰ ਗਿਨੀਜ਼ ਬੁੱਕ ਆਫ਼ ਵਰਲਡ ਰਿਕਾਰਡ ਵਿੱਚ ਦਰਜ ਹੈ। ਅਯੁੱਧਿਆ ਵਿੱਚ ਵੀ ਸੰਸਕ੍ਰਿਤ ਸਕੂਲ, ਅੱਖਾਂ ਦਾ ਹਸਪਤਾਲ, ਯੋਗ ਸਕੂਲ, ਗਊਸ਼ਾਲਾ, ਬ੍ਰਾਹਮਣ-ਸੇਵਾ, ਸੰਤ-ਸੇਵਾ ਅਤੇ ਹੋਰ ਸਮਾਜਿਕ ਪ੍ਰੋਜੈਕਟ ਮਹੰਤ ਜੀ ਦੀ ਦੇਖਰੇਖ ਹੇਠ ਚੱਲ ਰਹੇ ਹਨ। ਅੰਤ ਵਿੱਚ, ਸ਼੍ਰੀ ਸੰਜੇ ਵਿਨਾਇਕ ਜੋਸ਼ੀ ਨੇ ਇਸ ਪਵਿੱਤਰ ਅਤੇ ਰਾਸ਼ਟਰੀ ਮਹੱਤਤਾ ਵਾਲੇ ਕਾਰਜ ਲਈ ਪੂਰਾ ਸਹਿਯੋਗ ਦੇਣ ਦਾ ਭਰੋਸਾ ਦਿਵਾਇਆ।

ਆਵਾਜ਼ਿ ਕੌਮ AWAZE QAUM International Newspaper & WEB TV

## ਕੇਂਦਰ ਸਰਕਾਰ ਚੰਡੀਗੜ੍ਹ ਪੰਜਾਬ ਦੇ ਹਵਾਲੇ ਕਰਕੇ ਅਤੇ ਬਿਨਾ ਸ਼ਰਤ ਸਮੂਹ ਬੰਦੀ ਸਿੰਘਾਂ ਨੂੰ ਰਿਹਾਈ ਦੇਕੇ ਪੰਜਾਬ ਦਾ ਮਾਹੌਲ ਸੁਖਾਵਾ ਬਣਾਵੇ: ਜਥੇਦਾਰ ਕਰਮ ਸਿੰਘ ਹਾਲੈਂਡ



ਨਵੀਂ ਦਿੱਲੀ 6 ਦਸੰਬਰ (ਮਨਪ੍ਰੀਤ ਸਿੰਘ ਖਾਲਸਾ): ਕੇਂਦਰ ਦੀ ਭਾਜਪਾ ਸਰਕਾਰ ਵਲੋਂ ਪਾਰਲੀਮੈਂਟ ਵਿੱਚ ਲਿਆਂਦਾ ਜਾ ਰਿਹਾ ਸੰਵਿਧਾਨ ਦਾ 131ਵਾਂ ਸੋਧ ਬਿੱਲ ਅਤੇ ਆਰਟੀਕਲ 240 ਤਹਿਤ ਚੰਡੀਗੜ੍ਹ ਨੂੰ ਇੱਕ ਆਮ ਕੇਂਦਰ-ਸ਼ਾਸਤ ਪ੍ਰਦੇਸ਼ ਬਣਾ ਕੇ ਪੰਜਾਬ ਨਾਲੋਂ ਪੂਰਨ ਤੌਰ 'ਤੇ ਵੱਖ ਕਰਨ ਦੀ ਕੋਸ਼ਿਸ਼ ਦਾ ਅਤੇ ਇਸ ਬਿੱਲ ਦਾ ਸਖਤ ਵਿਰੋਧ ਕਰਦੇ ਹਾਂ, ਇਹ ਸੋਧ ਪੰਜਾਬ ਦੀ ਰਾਜਧਾਨੀ 'ਤੇ ਸਿੱਧਾ, ਖੁੱਲ੍ਹਾ ਅਤੇ ਗੈਰ- ਸੰਵਿਧਾਨਿਕ ਹਮਲਾ ਹੈ, ਇਹ ਸ਼ਬਦ ਜਥੇਦਾਰ ਕਰਮ ਸਿੰਘ ਹਾਲੈਂਡ ਨੇ ਮੀਡੀਆ ਨਾਲ ਗੱਲਬਾਤ ਕਰਦਿਆ ਕਹੇ। ਪੰਜਾਬ ਦੇ ਦਰਦ ਰੱਖਣ ਵਾਲਿਓ ਹਰ ਥਾਂ ਇਸ ਦਾ ਡੱਟ ਕੇ ਵਿਰੋਧ ਕਰੋ, ਸੋਸ਼ਲ ਮੀਡੀਆ, ਮੀਡੀਆ ਵਿੱਚ , ਦੁਨੀਆਂ ਦੇ ਕਿਸੇ ਵੀ ਕੋਨੇ ਵਿੱਚ ਹੋ। ਪੰਜਾਬ ਵਾਸੀ ਕੇਂਦਰ ਦੀਆ ਧੱਕੇਸ਼ਾਹੀਆਂ ਸਹਿਨ ਨਹੀ ਕਰਨਗੇ। ਕੇਂਦਰ ਸਰਕਾਰ ਚੰਡੀਗੜ੍ਹ ਪੰਜਾਬ ਦੇ ਹਵਾਲੇ ਕਰਕੇ ਅਤੇ ਸਾਰੇ ਬੰਦੀ ਸਿੰਘਾਂ ਨੂੰ ਬਿਨਾ ਸ਼ਰਤ ਰਿਹਾ ਕਰਕੇ ਪੰਜਾਬ ਦਾ ਮਾਹੌਲ ਸੁਹਾਵਾ ਬਣਾਏ। ਸਾਰੀਆਂ ਧਾਰਮਿਕ ਅਤੇ ਰਾਜਸੀ ਪਾਰਟੀਆ ਦੀ ਲੀਡਰਸ਼ਿਪ ਪੰਜਾਬ ਦੀ ਹੋਂਦ ਨੂੰ ਬਰਕਰਾਰ ਰੱਖਣ ਲਈ ਭਾਰਤ ਸਰਕਾਰ ਉਪਰ ਦਬਾਅ ਪਾਉਣ।

ਆਵਾਜ਼ਿ ਕੌਮ AWAZE QAUM International Newspaper & WEB TV

## ਦਸਤਾਰ ਬਾਰੇ ਅਪਮਾਨਜਨਕ ਸ਼ਬਦ ਵਰਤਣ ਵਾਲੇ ਡੇਰਾ ਬਾਬਾ ਨਾਨਕ ਦੇ ਵਿਧਾਇਕ ਗੁਰਦੀਪ ਸਿੰਘ ਰੰਧਾਵਾ ਖਿਲਾਫ ਕਾਰਵਾਈ ਦੀ ਮੰਗ: ਕਰਮਸਰ



ਨਵੀਂ ਦਿੱਲੀ, 6 ਦਸੰਬਰ (ਮਨਪ੍ਰੀਤ ਸਿੰਘ ਖਾਲਸਾ): ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਧਰਮ ਪ੍ਰਚਾਰ ਕਮੇਟੀ ਦੇ ਮੁਖੀ ਸਰਦਾਰ ਜਸਪ੍ਰੀਤ ਸਿੰਘ ਕਰਮਸਰ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੂੰ ਅਪੀਲ ਕੀਤੀ ਹੈ ਕਿ ਡੇਰਾ ਬਾਬਾ ਨਾਨਕ ਹਲਕੇ ਦੇ ਵਿਧਾਇਕ ਗੁਰਦੀਪ ਸਿੰਘ ਰੰਧਾਵਾ ਵੱਲੋਂ ਦਸਤਾਰ ਬਾਰੇ ਅਪਮਾਨਜਨਕ ਸ਼ਬਦਾਵਲੀ ਦੀ ਵਰਤੋਂ ਕਰਨ ਲਈ ਉਹਨਾਂ ਖਿਲਾਫ ਕਾਰਵਾਈ ਕੀਤੀ ਜਾਵੇ। ਮੀਡੀਆ ਨੂੰ ਜਾਰੀ ਕੀਤੇ ਇਕ ਬਿਆਨ ਵਿਚ ਸਰਦਾਰ ਜਸਪ੍ਰੀਤ ਸਿੰਘ ਕਰਮਸਰ ਨੇ ਜਥੇਦਾਰ ਸਾਹਿਬ ਨੂੰ ਅਪੀਲ ਕੀਤੀ ਕਿ ਵਿਧਾਇਕ ਗੁਰਦੀਪ ਸਿੰਘ ਰੰਧਾਵਾ ਨੇ ਸਿੱਖਾਂ ਦੀ ਸ਼ਾਨ ਦਸਤਾਰ ਖਿਲਾਫ ਬਹੁਤ ਹੀ ਇਤਰਾਜ਼ਯੋਗ ਭਾਸ਼ਾ ਦੀ ਵਰਤੋਂ ਕੀਤੀ ਹੈ। ਉਹਨਾਂ ਕਿਹਾ ਕਿ ਇਸ ਨਾਲ ਸਾਰੀ ਦੁਨੀਆਂ ਵਿਚ ਬੈਠੇ ਸਿੱਖ ਭਾਈਚਾਰੇ ਦੇ ਮੈਂਬਰਾਂ ਦੇ ਮਨਾਂ ਨੂੰ ਠੇਸ ਪਹੁੰਚੀ ਹੈ। ਉਹਨਾਂ ਕਿਹਾ ਕਿ ਪੂਰੀ ਦੁਨੀਆਂ ਵਿਚ ਜਦੋਂ ਸਿੱਖ ਭਾਈਚਾਰੇ ਦੀ ਪਛਾਣ ਦਸਤਾਰ ਨਾਲ ਹੋ ਰਹੀ ਹੈ ਤੇ ਲੋਕਾਂ ਵਿਚ ਸਿੱਖ ਭਾਈਚਾਰੇ ਦਾ ਸਤਿਕਾਰ ਵਧਿਆ ਹੈ ਤਾਂ ਉਸ ਵੇਲੇ ਗੁਰਦੀਪ ਸਿੰਘ ਰੰਧਾਵਾ ਦੇ ਇਸ ਬਿਆਨ ਨੇ ਸਿੱਖਾਂ ਦੇ ਅਕਸ ਨੂੰ ਢਾਹ ਲਗਾਈ ਹੈ। ਉਹਨਾਂ ਕਿਹਾ ਕਿ ਇਕ ਸੰਵਿਧਾਨਕ ਅਹੁਦੇ 'ਤੇ ਬੈਠੇ ਹੋਏ ਗੁਰਦੀਪ ਸਿੰਘ ਰੰਧਾਵਾ ਵੱਲੋਂ ਨਾ ਸਿਰਫ ਅਤਿ ਇਤਰਾਜ਼ਯੋਗ ਭਾਸ਼ਾ ਦੀ ਵਰਤੋਂ ਕੀਤੀ ਗਈ ਬਲਕਿ ਆਪਣੇ ਬਿਆਨ ਨੂੰ ਸਹੀ ਵੀ ਠਹਿਰਾਇਆ ਗਿਆ ਜੋ ਕਿ ਬਹੁਤ ਹੀ ਮੰਦਭਾਗੀ ਗੱਲ ਹੈ। ਉਹਨਾਂ ਸਿੰਘ ਸਾਹਿਬ ਨੂੰ ਅਪੀਲ ਕੀਤੀ ਕਿ ਇਸ ਮਾਮਲੇ ਵਿਚ ਗੁਰਦੀਪ ਰੰਧਾਵਾ ਦੇ ਖਿਲਾਫ ਮਿਸਾਲੀ ਕਾਰਵਾਈ ਕੀਤੀ ਜਾਵੇ ਤਾਂ ਜੋ ਸਾਰੀ ਦੁਨੀਆਂ ਵਿਚ ਸਪਸ਼ਟ ਸੰਦੇਸ਼ ਜਾਵੇ ਕਿ ਇਸ ਤਰੀਕੇ ਦੀ ਗੁਸਤਾਖ਼ੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

ਆਵਾਜ਼ਿ ਕੌਮ AWAZE QAUM International Newspaper & WEB TV

## 13 ਕਰੋੜ ਰੁਪਏ ਦੀ ਲਾਗਤ ਨਾਲ ਤਿਆਰ ਹੋਏ ਏਮਜ਼ ਵੇਦ ਕੁਮਾਰੀ ਮਿੱਤਲ ਪੈਸ਼ੇਂਟ ਸੈਂਲਟਰ ਹੋਮ ਦਾ ਭਰਵੇ ਸਮਾਗਮ ਦੌਰਾਨ ਕੀਤਾ ਗਿਆ ਉਦਘਾਟਨ

**ਬਠਿੰਡਾ, 6 ਦਸੰਬਰ (ਆਵਾਜ਼ਿ ਕੌਮ ਬਿਊਰੋ)**-ਮਿੱਤਲ ਗਰੁੱਪ ਬਠਿੰਡਾ ਵੱਲੋਂ ਸ਼ਨੀਵਾਰ 13 ਕਰੋੜ ਰੁਪਏ ਦੀ ਲਾਗਤ ਨਾਲ ਤਿਆਰ ਕੀਤੇ ਗਏ ਏਮਜ਼ ਵੇਦ ਕੁਮਾਰੀ ਮਿੱਤਲ ਪੈਸ਼ੇਂਟ ਸੈਂਲਟਰ ਹੋਮ (ਧਰਮਸ਼ਾਲਾ) ਦਾ ਇਕ ਵੱਡੇ ਸਮਾਗਮ ਦੌਰਾਨ ਉਦਘਾਟਨ ਕੀਤਾ ਗਿਆ। ਇਸ ਮੌਕੇ ਸਾਬਕਾ ਉੱਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ , ਸਾਬਕਾ ਕੇਂਦਰੀ ਰਾਜ ਮੰਤਰੀ ਸੋਮ ਪ੍ਰਕਾਸ਼, ਏਮਜ਼ ਦੇ ਡਾਇਰੈਕਟਰ ਡਾ. ਰਤਨ ਗੁਪਤਾ, ਡਿਪਟੀ ਕਮਿਸ਼ਨਰ ਬਠਿੰਡਾ ਰਾਜੇਸ਼ ਧੀਮਾਨ ਆਈਏਐਸ, ਡੀਆਈਜੀ ਹਰਜੀਤ ਸਿੰਘ, ਜ਼ਿਲ੍ਹਾ ਪੁਲਿਸ ਮੁਖੀ ਅਮਨੀਤ ਕੌਂਡਲ , ਵਿਧਾਇਕ ਜਗਰੂਪ ਸਿੰਘ ਗਿੱਲ, ਵਿਧਾਇਕ ਅਮਿਤ ਰਤਨ, ਭਾਜਪਾ ਆਗੂ ਸਰੂਪ ਚੰਦ ਸਿੰਗਲਾਂ ਤੋਂ ਇਲਾਵਾ ਇਲਾਕੇ ਦੀਆਂ ਸਮਾਜ ਸੇਵੀ, ਧਾਰਮਿਕ, ਸਿੱਖਿਅਕ ਸੰਸਥਾਵਾਂ ਦੇ ਆਗੂ ਅਤੇ ਨੇੜਲੇ ਪਿੰਡਾਂ ਦੀਆਂ ਪੰਚਾਇਤਾਂ ਸਮੇਤ ਸੈਕੜਿਆਂ ਦੀ ਗਿਣਤੀ 'ਚ ਲੋਕ ਸ਼ਾਮਲ ਹੋਏ। ਪ੍ਰੋਗਰਾਮ ਦੀ ਸ਼ੁਰੂਆਤ 'ਚ ਮਿੱਤਲ ਗਰੁੱਪ ਦੇ ਮੈਨੇਜਿੰਗ ਡਾਇਰੈਕਟਰ ਸ੍ਰੀ ਰਾਜਿੰਦਰ ਮਿੱਤਲ ਅਤੇ ਉਨ੍ਹਾਂ ਦੀ ਧਰਮ ਪਤਨੀ ਸੁਨੀਤਾ ਮਿੱਤਲ ਤੋਂ ਇਲਾਵਾ ਹੋਰ ਪਰਿਵਾਰ ਦੇ ਮੈਂਬਰਾਂ ਵੱਲੋਂ ਰੀਬਨ ਕੱਟਕੇ ਧਰਮਸ਼ਾਲਾ ਦਾ ਰਸ਼ਮੀ ਉਦਘਾਟਨ ਕੀਤਾ। ਇਸ ਉਪਰੰਤ ਇਕ ਧਾਰਮਿਕ ਸਮਾਗਮ ਦਾ ਆਯੋਜਨ ਕੀਤਾ ਗਿਆ ਜਿਸ 'ਚ ਆਖੰਡ ਰਮਾਇਣ ਪਾਠ ਉਪਰੰਤ ਮਸ਼ਹੂਰ ਭਜਨ ਗਾਇਕ ਸੁਨੀਲ ਧਿਆਨੀ ਅਤੇ ਮੈਡਮ ਮਨਜੀਤ ਧਿਆਨੀ ਵੱਲੋਂ ਧਾਰਮਿਕ ਭਜਨਾਂ ਦਾ ਗੁਣਗਾਣ ਕੀਤਾ ਗਿਆ।

ਇਸ ਮੌਕੇ ਬੋਲਦਿਆ ਮਿੱਤਲ ਗਰੁੱਪ ਦੇ ਐਮਡੀ ਰਾਜਿੰਦਰ ਮਿੱਤਲ ਨੇ ਦੱਸਿਆ ਏਮਜ਼ ਵੇਦ ਕੁਮਾਰੀ ਮਿੱਤਲ ਪੈਸ਼ੇਂਟ ਸੈਂਲਟਰ ਹੋਮ ਦਾ ਸੁਪਨਾ ਉਨ੍ਹਾਂ ਦੀ ਮਾਤਾ ਦਾ ਸੀ। ਜਿਸ ਨੂੰ 13 ਕਰੋੜ ਰੁਪਏ ਦੀ ਲਾਗਤ ਨਾਲ ਤਿਆਰ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਇਸ ਪ੍ਰੋਜੈਕਟ ਨੂੰ ਗਰੁੱਪ ਦੇ ਹੀ ਦੁਆਰਕਾ ਦਾਸ ਮਿੱਤਲ ਚੈਰੀਟੇਬਲ ਟਰੱਸਟ ਦੇ ਅਧੀਨ ਤਿਆਰ ਕਰਵਾਇਆ ਗਿਆ ਹੈ ਅਤੇ ਇਸ ਲਈ ਕੋਈ ਵੀ ਬਾਹਰੀ ਮਾਲੀ ਮਦਦ ਨਹੀਂ ਲਈ ਗਈ ਹੈ। ਉਨ੍ਹਾਂ ਦੱਸਿਆ ਕਿ ਸੈਂਲਟਰ ਹੋਮ (ਧਰਮਸ਼ਾਲਾ) ਦੇ ਅੰਦਰ 256 ਬੈਂਡਾ ਦਾ ਪ੍ਰਬੰਧ ਹੈ ਅਤੇ ਇਸ 'ਚ ਕੁਲ 63 ਕਮਰੇ ਹਨ ਜਿਹੜੇ ਏਸੀ ਅਤੇ ਨਾਨ ਏਸੀ ਹਨ। ਇਸ ਤੋਂ ਇਲਾਵਾ ਔਰਤਾਂ ਅਤੇ ਪੁਰਸ਼ਾ ਲਈ ਅਲੱਗ ਤੋਂ ਡੋਰਮੇਟਰੀ ਦੀ ਵਿਵਸਥਾ ਵੀ ਕੀਤੀ ਗਈ ਹੈ ਜਿਸ 'ਚ 100 ਤੋਂ ਵੱਧ ਬੈਡ ਹਨ। ਮਰੀਜ਼ਾਂ ਅਤੇ ਉਨ੍ਹਾਂ ਦੇ ਵਾਰਸਾਂ ਲਈ ਖਾਣ ਪੀਣ ਦਾ ਚੰਗਾ ਪ੍ਰਬੰਧ ਕਰਦੇ ਹੋਏ 200 ਵਿਅਕਤੀਆਂ ਦੀ ਸਮਰਥਾ ਵਾਲੇ ਲੰਗਰ ਹਾਲ ਤੋਂ ਇਲਾਵਾ 80 ਲੋਕਾਂ ਦੇ ਬੈਠਣ ਦੀ ਸਮਰਥਾ ਵਾਲਾ ਅਲੱਗ ਤੋਂ ਏਸੀ ਰੈਸਟਰੋਰੈਂਟ ਵੀ ਤਿਆਰ ਕੀਤਾ ਗਿਆ ਹੈ। ਧਰਮਸ਼ਾਲਾ ਦੇ ਅੰਦਰ 100 ਲੋਕਾਂ ਦੀ ਸਮਰਥਾ ਵਾਲਾ ਵੈਟਿੰਗ ਰੂਮ ਵੀ ਤਿਆਰ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਇਸ ਲਈ ਕਾਫੀ ਘੱਟ ਫੀਸ ਰੱਖੀ ਗਈ ਹੈ ਤਾਂ ਜੋ ਧਰਮਸ਼ਾਲਾ ਦੀ ਸਾਫ਼ ਸਫਾਈ ਅਤੇ ਹੋਰ ਪ੍ਰਬੰਧਾ ਨੂੰ ਸੰਚਾਰੂ ਢੰਗ ਨਾਲ ਚਲਾਇਆ ਜਾ ਸਕੇ।

ਇਸ ਮੌਕੇ ਬੋਲਦਿਆ ਸਾਬਕਾ ਡਿਪਟੀ ਚੀਫ ਮਨੀਸਟਰ ਸੁਖਬੀਰ ਬਾਦਲ ਨੇ ਦੱਸਿਅ ਕਿ ਮਿੱਤਲ ਪਰਿਵਾਰ ਵੱਲੋਂ ਕੀਤਾ ਗਿਆ ਇਕ ਵੱਡਾ ਸਮਾਜ ਸੇਵਾ ਦਾ ਉਪਰਾਲਾ ਹੈ ਜਿਸ ਦਾ ਹਰ ਰੋਜ਼ ਸੈਂਕੜੇ ਦੂਰ ਦੁਰਾਡੇ ਤੋਂ ਆਉਂਦੇ ਮਰੀਜ਼ਾਂ ਅਤੇ ਉਨ੍ਹਾਂ ਦੇ ਵਾਰਸਾਂ ਨੂੰ ਫਾਇਦਾ ਮਿਲੇਗਾ। ਇਸ ਮੌਕੇ ਬੋਲਦਿਆ ਵਿਧਾਇਕ ਜਗਰੂਪ ਸਿੰਘ ਗਿੱਲ ਅਤੇ ਬਠਿੰਡਾ ਦਿਹਾਤੀ ਦੇ ਵਿਧਾਇਕ ਅਮਿਤ ਰਤਨ ਵੱਲੋਂ ਵੀ ਮਿੱਤਲ ਪਰਿਵਾਰ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ। ਇਸ ਮੌਕੇ ਅਗਰਵਾਲ ਸਭਾ ਰਜਿ ਬਠਿੰਡਾ ਵੱਲੋਂ ਪੂਰੇ ਮਿੱਤਲ ਪਰਿਵਾਰ ਨੂੰ ਇਸ ਉਪਰਾਲੇ ਲਈ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਸਮਾਗਮ ਦੌਰਾਨ ਮਿੱਤਲ ਗਰੁੱਪ ਦੇ ਜੁਆਇੰਟ ਮੈਨੇਜਿੰਗ ਡਾਇਰੈਕਟਰ ਕੁਸ਼ਲ ਮਿੱਤਲ ਵੱਲੋਂ ਬਾਹਰ ਤੋਂ ਆਏ ਸਾਰੇ ਮਹਿਮਾਨਾਂ ਦਾ ਇਥੇ ਪਹੁੰਚਣ 'ਤੇ ਧੰਨਵਾਦ ਕੀਤਾ ਗਿਆ ਅਤੇ ਭਵਿੱਖ 'ਚ ਵੀ ਅਜਿਹੇ ਸਮਾਜ ਸੇਵੀ ਉਪਰਾਲੇ ਕਰਦੇ ਰਹਿਣ ਦਾ ਇਕੱਤਰ ਲੋਕਾਂ ਨੂੰ ਭਰੋਸਾ ਦਿੱਤਾ। ਇਸ ਸਮਾਗਮ 'ਚ ਪੰਜਾਬ ਕੇਂਦਰੀ ਯੂਨੀਵਰਸਿਟੀ ਦੇ ਵੀਸੀ ਆਰ ਪੀ ਤਿਵਾੜੀ, ਅਕਾਲੀ ਆਗੂ ਇਕਬਾਲ ਸਿੰਘ ਬਬਲੀ ਢਿਲੋਂ, ਸਾਬਕਾ ਮੇਅਰ ਰਮਨ ਗੋਇਲ, ਸਾਬਕਾ ਮੇਅਰ ਬਲਜੀਤ ਸਿੰਘ ਬੀੜ ਬਹਿਮਣ, ਸਾਬਕਾ ਵਿਧਾਇਕ ਹਰਦੇਵ ਅਰਸ਼ੀ ਤੋਂ ਇਲਾਵਾ ਇਲਾਕੇ ਦੀਆਂ ਸਮਾਜ ਸੇਵੀ ਸੰਸਥਾਵਾਂ ਦੇ ਮੁਖੀ, ਧਾਰਮਿਕ ਸੰਸਥਾਵਾਂ ਦੇ ਆਗੂਆਂ ਤੋਂ ਇਲਾਵਾ ਵੱਡੀ ਗਿਣਤੀ 'ਚ ਕੌਂਸਲਰ ਅਤੇ ਨੇੜਲੇ ਪਿੰਡਾਂ ਦੇ ਪੰਚ ਸਰਪੰਚ ਅਤੇ ਹੋਰ ਮੌਹਤਵਰ ਲੋਕ ਵੀ ਵੱਡੀ ਗਿਣਤੀ 'ਚ ਪਹੁੰਚੇ ਹੋਏ ਸਨ।

# ਭਾਈ ਬਲਵੰਤ ਸਿੰਘ ਰਾਜੋਆਣਾ ਨੂੰ ਫਾਂਸੀ ਦੇਣ ਦਾ ਮਾਮਲਾ

**ਪਿਛਲੇ** ਦਿਨੀਂ ਭਾਈ ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਦੀ ਸਜਾ ਦੀ ਪਟੀਸ਼ਨ ਤੇ ਸੁਣਵਾਈ ਕਰਦਿਆਂ ਮਾਨਯੋਗ ਸੁਪਰੀਮ ਕੋਰਟ ਨੇ ਸਰਕਾਰ ਨੂੰ ਪੁੱਛਿਆ ਹੈ ਕਿ ਇਹਨਾਂ ਚਿਰ ਹੋ ਗਿਆ ਉਸਨੂੰ ਫਾਂਸੀ ਕਿਉਂ ਨਹੀਂ ਦਿੱਤੀ ਗਈ। ਇਸ ਤੇ ਅਮਲ ਕਰਦਿਆਂ ਪੰਜਾਬ ਵਿੱਚ ਬੀ.ਐਸ.ਐਫ ਅਤੇ ਸੀ.ਆਰ.ਪੀ.ਐਫ ਦੇ 30 ਹਜਾਰ ਜਵਾਨਾਂ ਦੀ ਤਾਇਨਾਤੀ ਕੀਤੀ ਗਈ ਸੀ। ਭਾਈ ਰਾਜੋਆਣਾ ਉੱਤੇ ਦੋਸ਼ ਹੈ ਕਿ ਉਹ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬਿਅੰਤ ਸਿਹੁੰ, ਜਿਸਨੇ ਹਜਾਰਾਂ ਸਿੱਖ ਨੌਜਵਾਨਾਂ, ਬਜ਼ੁਰਗਾਂ, ਬੀਬੀਆਂ ਤੇ ਸਿੱਖਾਂ ਦੀ ਅਜ਼ਾਦੀ ਦੀ ਲਹਿਰ ਨੂੰ ਕੁਚਲਣ ਲਈ ਗ੍ਰਿਫਤਾਰ ਕਰਨ ਪਿੱਛੋਂ ਤਸੀਹਾਂ ਘਰਾਂ ਵਿੱਚ ਅਣਮਨੁੱਖੀ ਤਸੀਹੇ ਦੇ ਕੇ ਫਰਜੀ ਝੂਠੇ ਮੁਕਾਬਲਿਆਂ ਵਿੱਚ ਪੁਲਿਸ ਫੋਰਸਾਂ ਨੂੰ ਕਤਲੇਆਮ ਕਰਨ ਦੀ ਖੁੱਲ੍ਹ ਦਿੱਤੀ ਤੇ ਕਤਲਾਂ ਦੇ ਬਦਲੇ ਪੁਲਿਸ ਅਫਸਰਾਂ ਨੂੰ ਤਰੱਕੀਆਂ ਦਿੱਤੀਆਂ ਤੇ ਇਨਾਮਾਂ ਨਾਲ ਨਵਾਜਿਆ। ਮੁੱਖ ਮੰਤਰੀ ਬਿਅੰਤ ਸਿੰਹੋ ਦੀ ਜ਼ੁਲਮੀ ਹਨੇਰੀ, ਸਿੱਖਾਂ ਦੇ ਕਤਲੇਆਮ ਨੂੰ ਰੋਕਣ ਲਈ ਕੁਝ ਅਣਖੀਲੇ ਬਹਾਦਰ ਸਿੱਖ ਨੌਜਵਾਨਾਂ ਭਾਈ ਜਗਤਾਰ ਸਿੰਘ ਹਵਾਰਾ ਦੀ ਕਮਾਂਡ ਹੇਠ ਇੱਕ ਯੋਜਨਾਂ ਬਣਾ ਕੇ ਤਰੀਕੇ ਨਾਲ ਮਨੁੱਖੀ ਬੰਬ ਭਾਈ ਦਿਲਾਵਰ ਸਿੰਘ ਰਾਹੀ 31 ਅਗਸਤ 1995 ਦੀ ਸ਼ਾਮ ਨੂੰ 5 ਵਜੇ ਦੇ ਕਰੀਬ ਬੰਬ ਧਮਾਕੇ ਨਾਲ ਜਾਲਮ ਮੁੱਖ ਮੰਤਰੀ ਬਿਅੰਤ ਸਿੰਹੁ ਦੀ ਅਲਖ ਮਿਟਾ ਦਿੱਤੀ ਤੇ ਇਹ ਸੁਨੇਹਾ ਦਿੱਤਾ-ਕਿ ਜਫਰਨਾਮਾ- "ਚੂੰ ਕਾਰ ਅਜ ਹਮਾ ਹੀਲਤੇ ਦਰ ਗੁਜਸ਼ਤ ਹਿਲਾਲ ਅਸਤ ਬੁਰਦਨ ਬ ਸਮਸ਼ੀਰ ਦਸਤ"। ਜਦੋਂ ਦਲੀਲ, ਅਪੀਲ, ਵਕੀਲ ਤੋਂ ਗੱਲ ਅੱਗੇ ਲੰਘ ਜਾਵੇ, ਫਿਰ ਖ਼ਾਲਸਾਈ ਰਵਾਇਤਾਂ ਅਨੁਸਾਰ ਇਨਸਾਫ ਲੈਣਾ ਜਾਇਜ ਹੈ।

ਭਾਈ ਰਾਜੋਆਣਾ ਤੇ ਦੋਸ਼ ਆਇਦ ਹੈ ਕਿ ਮੁੱਖ ਮੰਤਰੀ ਨੂੰ ਸੋਧਣ ਵਾਲੇ ਸਿੰਘਾਂ ਵਿੱਚ ਮਨੁੱਖੀ ਬੰਬ ਬਨਣ ਲਈ ਭਾਈ ਦਿਲਾਵਰ ਸਿੰਘ ਤੇ ਭਾਈ ਰਾਜੋਆਣਾ ਦੋਵੇਂ ਜ਼ਿਦ ਕਰ ਰਹੇ ਸਨ ਤਾਂ ਇਸ ਤੇ ਟਾਸ ਪਾਈ ਗਈ ਸੀ ਤੇ ਮਨੁੱਖੀ ਬੰਬ ਬਨਣ ਦੀ ਸੇਵਾ ਭਾਈ ਦਿਲਾਵਰ ਸਿੰਘ ਦੇ ਹਿੱਸੇ ਆਈ ਤੇ ਉਹ 31 ਅਗਸਤ 1995 ਨੂੰ ਮਨੁੱਖੀ ਬੰਬ ਰਾਹੀ ਆਪਣੇ ਸਰੀਰ ਦਾ ਤੂੰਬਾ-ਤੂੰਬਾ ਉਡਾ ਕੇ ਜ਼ਾਬਰ ਮੁੱਖ ਮੰਤਰੀ ਬਿਅੰਤ ਸਿੰਹੋਂ ਦਾ ਤੂੰਬਾ-ਤੂੰਬਾ ਉਡਾ ਕੇ ਜ਼ੁਲਮੀ ਹਨੇਰੀ ਨੂੰ ਸਿੱਖਾਂ ਦੇ ਕਤਲੇਆਮ ਨੂੰ ਠੱਲ ਪਾ ਗਿਆ ਤੇ ਸਿੱਖ ਇਤਿਹਾਸ ਦੀਆਂ ਨਵੀਂਆਂ ਪੈੜਾਂ ਸਿਰਜ ਗਿਆ। ਖ਼ਾਲਸਾ ਪੰਥ ਦਿਲਾਵਰ ਸਿੰਘ ਦੀ ਸ਼ਹਾਦਤ ਅੱਗੇ ਸਿਰ ਝੁਕਾ ਕੇ ਪ੍ਰਨਾਮ ਕਰਦਾ ਹੈ। ਭਾਈ ਬਲਵੰਤ ਸਿੰਘ ਰਾਜੋਆਣਾ ਦੇ ਇਕਬਾਲੀਆ ਬਿਆਨਾ ਅਧਾਰਤ ਅਦਾਲਤਾਂ ਵਲੋਂ ਫਾਂਸੀ ਦੀ ਸਜਾ ਸੁਣਾਈ ਗਈ। ਸੁਪ੍ਰੀਮ ਕੋਰਟ ਵਿੱਚ ਭਾਈ ਰਾਜੋਆਣਾ ਵਲੋਂ ਜਿੱਥੇ ਰਹਿਮ ਦੀ ਅਪੀਲ ਨਾ ਕਰਕੇ ਆਪਣੇ ਸ਼ਹਾਦਤ ਪਾਉਣ ਦੇ ਸੰਕਲਪ ਨੂੰ ਦਿਰੜ ਰੱਖਿਆ ਹੈ। ਦੂਜੇ ਪਾਸੇ ਖ਼ਾਲਸਾ ਪੰਥ ਨੇ ਉਸਨੂੰ ਫਾਂਸੀ ਦਿੱਤੇ ਜਾਣ ਦਾ ਜਬਰਦਸਤ ਵਿਰੋਧ ਕੀਤਾ ਹੈ ਤੇ ਹਕੂਮਤ ਨੂੰ ਇਸ ਤੋਂ ਪਿੱਛੇ ਹੱਟਣ ਲਈ ਮਜਬੂਰ ਕਰੀ ਰੱਖਿਆ ਹੈ। ਇਸੇ ਦੌਰਾਨ ਇੱਕ ਸਿੱਖ ਨੌਜਵਾਨ ਜਸਪਾਲ ਸਿੰਘ ਦੀ ਪੁਲਿਸ ਵਲੋਂ ਗੋਲੀਆਂ ਨਾਲ ਗੁਰਦਾਸਪੁਰ 'ਚ ਸ਼ਹਾਦਤ ਵੀ ਹੋਈ ਹੈ।

ਉਸ ਸਮੇਂ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗੁਰਬਚਨ ਸਿੰਹੋਂ ਦਾ ਰੋਲ ਇਹ ਰਿਹਾ ਕਿ ਪਟਿਆਲਾ ਜੇਲ੍ਹ ਵਿੱਚ ਮੁਲਾਕਾਤ ਕਰਕੇ ਉਸਨੂੰ ਇਸ਼ਨਾਨ ਕਰਨ ਲਈ ਗਾਗਰ ਪਾਣੀ ਦੀ ਅਤੇ ਚੋਲਾ ਦੇ ਆਇਆ ਸੀ ਕਿ ਤੂੰ ਇਸ ਇਸ਼ਨਾਨ ਕਰਕੇ ਸਾਡਾ ਦਿੱਤਾ ਹੋਇਆ ਚੋਲਾ ਪਾ ਕੇ ਫਾਂਸੀ ਚੜ੍ਹ ਜਾਵੀਂ। ਗੁਰੂ ਭਲਾ ਕਰੇਗਾ, ਤੇ ਅਸੀਂ ਤੇਰੀ ਫੋਟੋ ਅਜਾਇਬ ਘਰ ਵਿੱਚ ਲਗਾ ਦੇਵਾਂਗੇ। ਸਿੱਖ ਕੋਮ ਦਾ ਸੜਕਾਂ ਉੱਤੇ ਆਪਣੇ ਆਪ ਰੋਸ ਵਜੋਂ ਆ ਜਾਣ ਦੇ ਸਖ਼ਤ ਵਿਰੋਧ ਕਰਨ ਦੀਆਂ ਸੀ.ਆਈ.ਡੀ. ਦੀਆਂ ਰਿਪੋਰਟਾਂ ਨੇ ਕਿ ਪੰਜਾਬ ਦਾ ਮਾਹੌਲ ਖਰਾਬ ਹੋਵੇਗਾ, ਇਥੋਂ ਤਕ ਕਿ ਮਰਹੂਮ ਮੁੱਖ ਮੰਤਰੀ ਬਿਅੰਤ ਸਿੰਹੋਂ ਦੀਆਂ ਦੀ ਦੋਤੀਆਂ ਅਤੇ ਪੋਤਰੇ ਗੁਰਕੀਰਤ ਸਿੰਘ ਕੋਟਲੀ ਵੀ ਉਸ ਸਮੇਂ ਭਾਈ ਰਾਜੋਆਣਾ ਦੀ ਫਾਂਸੀ ਰੋਕਣ ਦੇ ਹੱਕ ਵਿੱਚ ਸਾਹਮਣੇ ਆਏ ਸਨ, ਕਿਹਾ ਸੀ ਕਿ ਪੰਜਾਬ ਦੀ ਸ਼ਾਂਤੀ ਨੂੰ ਬਹਾਲ ਰੱਖਣ ਲਈ ਭਾਈ ਬਲਵੰਤ ਸਿੰਘ ਰਾਜੋਆਣਾ ਨੂੰ ਫਾਂਸੀ ਨਾ ਦਿੱਤੀ ਜਾਵੇ। ਉਸ ਸਮੇਂ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਹੋਂ ਬਾਦਲ ਵੀ ਪ੍ਰਧਾਨ ਮੰਤਰੀ ਨਾਲ ਮੁਲਾਕਾਤ ਕੀਤੀ ਸੀ ਕਿ ਭਾਈ ਰਾਜੋਆਣਾ ਨੂੰ ਫਾਂਸੀ ਦਿੱਤੇ ਜਾਣ ਨਾਲ ਪੰਜਾਬ ਦੇ ਹਾਲਾਤ ਕਾਬੂ ਤੋਂ ਬਾਹਰ ਹੋ ਜਾਣਗੇ। ਇਹ ਵੀ ਵਰਨਣਯੋਗ ਹੈ ਕਿ ਜਿਸ ਦਿਨ ਪ੍ਰਕਾਸ਼ ਸਿੰਹੋਂ ਬਾਦਲ ਦੇ ਮੰਤਰੀ ਮੰਡਲ ਨੇ ਚੰਡੀਗੜ੍ਹ ਵਿੱਚ ਸੌਂਹ ਚੁੱਕਣੀ ਸੀ, ਉਹੀ ਤਰੀਕ ਫਾਂਸੀ ਦੀ ਨਿਸਚਿਤ ਕੀਤੀ ਗਈ ਸੀ। ਸਿੱਖ ਕੋਮ ਦੇ ਵਿਰੋਧ ਕਾਰਨ ਸਰਕਾਰ ਨੇ ਫਾਂਸੀ ਰੋਕ ਦਿੱਤੀ। ਪਰ ਫਾਂਸੀ ਰੋਕਣ ਵਾਲੀਆਂ ਸੰਘਰਸ਼ਸ਼ੀਲ ਧਿਰਾਂ ਤੇ ਸਿੱਖਾਂ ਦੇ ਪਾਲੇ ਅਗਲੇ ਦਿਨ ਹੀ ਨਾਮੋਸ਼ੀ ਪੈਣੀ ਸ਼ੁਰੂ ਹੋ ਗਈ। ਪੰਜਾਬ ਦੀਆਂ ਅਖਬਾਰਾਂ ਭਾਈ ਬਲਵੰਤ ਸਿੰਘ ਰਾਜੋਆਣਾ ਵਲੋਂ ਉਸਦੀ ਵੱਡੀ ਤਸਵੀਰ ਤੇ ਪੂਰੇ ਸਫ਼ੇ ਦੇ ਉਸਦੇ ਹੱਥ ਲਿਖਤ ਇਸ਼ਿਤਹਾਰ ਕਈ ਦਿਨ ਲੱਗਦੇ ਰਹੇ, ਜਿਸ ਵਿੱਚ ਫਾਂਸੀ ਰੋਕਣ ਦਾ ਸਿਹਰਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਸਿਰ ਸੀ। ਸੰਘਰਸ਼ਸ਼ੀਲ ਧਿਰਾਂ ਨੂੰ ਐਰੇ-ਗੈਰੇ ਦੱਸਿਆ ਗਿਆ ਸੀ। ਇਹ ਇਸ਼ਿਤਹਾਰ ਕਈ ਅਖ਼ਬਾਰਾਂ ਵਿੱਚ ਕਈ ਦਿਨ ਪੂਰੇ ਸਫ਼ੇ ਤੇ ਰੰਗੀਨ ਛਪਾਏ ਜਾਂਦੇ ਰਹੇ, ਜਿਸ ਦੀ ਕੀਮਤ ਲੱਖਾਂ ਛੱਡਕੇ ਕਰੋੜਾਂ ਤੋਂ ਵੀ ਉੱਪਰ ਬਣਦੀ ਸੀ। ਮੇਰਾ ਵਿਚਾਰ ਉਸ ਸਮੇਂ ਸੀ ਕਿ ਅਜਿਹਾ ਮਹੌਲ ਸਿਰਜਿਆ ਜਾ ਰਿਹਾ ਹੈ ਕਿ ਜਦੋਂ ਦੁਬਾਰਾ ਫਾਂਸੀ ਲਗਾਉਣ ਦਾ ਸਮਾਂ ਆਇਆ, ਵਿੱਚੋਂ ਆਪ ਮੁਹਾਰੇ ਸਿੱਖ ਤੇ ਸੰਘਰਸ਼ਸ਼ੀਲ ਧਿਰਾਂ ਸੜਕਾਂ ਤੇ ਵਿਰੋਧ ਕਰਨ ਲਈ ਨਾ ਆਉਣ। ਭਾਈ ਰਾਜੋਆਣਾ ਤੋਂ ਇਲਾਵਾ ਕੁਝ ਹੋਰ ਪੰਥਕ ਚਿਹਰੇ ਭਾਈ ਗੁਰਦੀਪ ਸਿੰਘ ਖੈੜਾ, ਪਰਮਜੀਤ ਸਿੰਘ ਸਰਨਾ ਦਿੱਲੀ ਅਤੇ ਪਲਵਿੰਦਰ ਸਿੰਘ ਤਲਵਾੜਾ ਵੀ ਸੁਖਬੀਰ ਬਾਦਲ ਅਕਾਲੀ ਦਲ ਨੂੰ ਹੀ ਆਪਣੇ ਭਵਿੱਖ ਦਾ ਲੀਡਰ ਸਵੀਕਾਰ ਕਰ ਚੁੱਕੇ ਹਨ।



ਉਸ ਸਮੇਂ ਜੋ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਹੋਂ ਬਾਦਲ ਦਾ ਕੇਂਦਰ ਦੀ ਭਾਜਪਾ ਸਰਕਾਰ ਵਿੱਚ ਅਸਰ ਰਸੂਖ ਹੁੰਦਾ ਸੀ ਅੱਜ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਹੋਂ ਬਾਦਲ ਦੀ ਕੇਂਦਰ ਵਿੱਚ ਕੋਈ ਪੁੱਛ-ਗਿੱਛ ਨਹੀਂ ਹੈ, ਕਿਉਂਕਿ ਭਾਜਪਾ ਜਾਣਦੀ ਹੈ ਕਿ ਪੰਜਾਬ ਦੇ ਲੋਕਾਂ ਨੇ ਸੁਖਬੀਰ ਬਾਦਲ ਨੂੰ ਧਾਰਮਿਕ ਅਤੇ ਰਾਜਨੀਤਿਕ ਚੋਣਾ ਮੁਹਾਜਾਂ ਉੱਤੇ ਨਕਾਰਿਆ ਹੋਇਆ ਹੈ। ਹਿੰਦੁਸਤਾਨ ਦੀ ਹਕੂਮਤ ਭਾਜਪਾ ਸਰਕਾਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਇਹ ਸਮਝਦੇ ਹਨ ਕਿ ਜਿਸ ਨੇ ਪੰਜਾਬ ਨਹੀਂ ਜਿੱਤਿਆ ਉਹ ਹਿੰਦੁਸਤਾਨ ਦਾ ਜੇਤੂ ਬਾਦਸ਼ਾਹ ਨਹੀਂ ਅਖਵਾ ਸਕਦਾ, ਕਿਉਂਕਿ ਪੰਜਾਬ ਵਿੱਚੋਂ ਭਾਜਪਾ ਸਰਕਾਰ ਨੂੰ ਚਣੌਤੀ ਮਿਲ ਰਹੀ ਹੈ ਭਾਵੇਂ ਖੇਤੀ ਕਾਨੂੰਨ ਹੋਣ ਜਾਂ ਪੰਜਾਬ ਦੇ ਲੋਕ ਸਭਾ ਚੋਣਾ। ਜਿਵੇਂ ਪੰਜਾਬ ਚ ਭਾਜਪਾ ਨੂੰ ਵਾਹਣੀ ਪਾਇਆ ਹੈ, ਪ੍ਰਤੱਖ ਨੂੰ ਪ੍ਰਮਾਣ ਦੀ ਲੋੜ ਨਹੀਂ। ਕੇਂਦਰ ਸਰਕਾਰ ਵਲੋਂ ਪੰਜਾਬ ਵਿੱਚ ਆਏ ਹੜਾਂ ਸਮੇਂ ਦਿਖਾਈ ਬੇ-ਰੁਖੀ ਨੇ ਲੋਕਾਂ ਨੂੰ ਇਹ ਕਹਿਣ ਲਈ ਮਜਬੂਰ ਕਰ ਦਿੱਤਾ, ਕਿ ਹੜ੍ਹ ਨਹੀਂ ਕੇਂਦਰ ਸਰਕਾਰ ਦੁਆਰ ਪੰਜਾਬ ਨੂੰ ਤਬਾਹ ਕਰਨ ਲਈ ਹਥਿਆਰ ਦੇ ਤੋਰ ਤੇ ਵਰਤ ਗਏ ਹਨ। ਪੰਜਾਬ ਦੇ ਹੱੜ੍ਹ ਵੀ ਪੰਜਾਬ ਲਈ ਇੱਕ ਘੱਲੂਘਾਰਾ ਤੋਂ ਘੱਟ ਨਹੀਂ ਜਿਸ ਨਾਲ ਪੰਜਾਬ ਦਾ ਕੁਝ ਹਿੱਸਾ ਹੱੜ੍ਹਾਂ ਦੀ ਭੇਂਟ ਚੱੜ ਗਿਆ। ਪਰ ਪੰਜਾਬੀਆਂ, ਹਰਿਅਣਾ, ਰਾਜਸਥਾਨ ਦੇ ਲੋਕਾਂ ਤੇ ਮੁਸਲਮਾਨ ਭਾਈਚਾਰੇ ਨੇ ਜਿਸ ਤਰ੍ਹਾਂ ਹੱੜ੍ਹਾਂ ਦਾ ਮੁਕਾਬਲਾ ਕੀਤਾ ਤੇ ਮੱਦਦ ਕੀਤੀ ਉਸ ਨਾਲ ਇੰਜ ਲਗ ਰਿਹਾ ਹੈ ਕਿ ਪੰਜਾਬ ਦਾ ਦੁਸ਼ਮਣ ਇਸ ਨੂੰ ਵੀ ਆਪਣੀ ਹਾਰ ਦੇ ਰੂਪ ਵਿੱਚ ਦੇਖ ਰਿਹਾ ਹੈ। ਪਾਕਿਸਤਾਨ ਨਾਲ ਅਪ੍ਰੇਸ਼ਨ ਸੰਦੂਰ ਦੀ ਅਸਫਲਤਾ ਤੇ ਕਨੇਡਾ, ਅਮਰੀਕਾ ਨਾਲ ਸਾਡੇ ਦੇਸ਼ ਦੇ ਸੁਖਾਂਵੇਂ ਸੰਬੰਧਾ ਨਾਲ ਵੀ ਲੋਕਾਂ ਵਿੱਚ ਨਿਰਾਸ਼ਾ ਪਾਈ ਜਾ ਰਹੀ ਹੈ, ਕਿ ਲੋਕ ਚਾਹੁੰਦੇ ਹਨ ਕਿ ਸਾਡੀ ਸਰਕਾਰ ਦੂਜੇ ਦੇਸ਼ਾਂ ਨਾਲ ਸਬੰਧ ਚੰਗੇ ਹੋਣ, ਦੇਸ਼ ਤਰੱਕੀ ਵਲ ਜਾਵੇ। ਮੀਡੀਆ ਪ੍ਰਚਾਰ ਰਹੀ ਹੈ ਕਿ ਭਾਵੇਂ ਅਸੀਂ ਆਪਣੀਆਂ ਅਸਫਲਤਾਵਾਂ ਨੂੰ ਜਿੱਤਾਂ ਦੱਸੀ ਜਾਈਏ, ਪਰ ਲੋਕ ਹਰ ਸਥਿਤੀ ਨੂੰ ਭਲੀ ਬਾਂਤ ਜਾਣਦੇ ਹਨ। ਬਹੁ ਗਿਣਤੀ ਵੋਟ ਬੈਂਕ ਨੂੰ ਆਪਣੇ ਪੱਖ ਵਿੱਚ ਕਰਨ ਲਈ ਹਕੂਮਤਾਂ ਧਰਮ ਦਾ ਪੱਤਾ ਵੀ ਖੇਡਦੀਆਂ ਆਈਆਂ ਹਨ। ਫਿਰਕਿਆਂ ਵਿੱਚ ਫਸਾਦ ਕਰਵਾਉਣੇ, ਦੰਗਾ ਫਸਾਦ, ਰਾਜਨੀਤੀ ਦਾ ਪੁਰਾਣਾ ਕਲਚਰ ਹੈ। ਰਾਜ ਸੱਤਾ ਹਥਿਆਉਣ ਲਈ ਔਰੰਗਜੇਬ ਵਰਗੇ ਦਿੱਲੀ ਤਖ਼ਤ ਉੱਤੇ ਕਾਬਜ ਹੋਣ ਲਈ ਪਿਤਾ ਸ਼ਾਹਜਹਾਨ ਨੂੰ ਕੈਦ ਕਰ ਸਕਦਾ ਹੈ ਭਰਾਵਾਂ ਦੇ ਸਿਰ ਕਲਮ ਕਰਵਾ ਸਕਦਾ ਹੈ, ਆਪਣੇ ਆਪ ਨੂੰ ਧਰਮੀ ਦਰਸਾਉਣ ਲਈ ਹਿੰਦੂ ਧਰਮ ਉੱਤੇ ਜੁਲਮ ਕਰਵਾ ਸਕਦਾ ਹੈ। ਜਹਾਂਗੀਰ ਬਾਦਸ਼ਾਹ ਆਪਣੇ ਪੁੱਤਰ ਖੁਸਰੋ ਨੂੰ ਬਾਦਸ਼ਾਹਤ ਦੇ ਦੋਸ਼ ਤਹਿਤ ਕਤਲ ਕਰਵਾ ਸਕਦਾ ਹੈ। ਜਿਸ ਤਖਤ ਦੇ ਵਾਰਸਾਂ ਦਾ ਕਲਚਰ ਅਜਿਹਾ ਹੋਵੇ, ਉਸ ਤੋਂ ਸਰਬੱਤ ਦੇ ਭਲੇ ਦੀ ਆਸ ਕਰਨੀ ਕਿੰਨੀ ਕੁ ਅਹਿਮੀਅਤ ਰੱਖਦੀ ਹੈ। ਦੇਸ਼ ਦੇ ਸਭ ਤੋਂ ਸ਼ਰੀਫ ਅਤੇ ਸਿਆਣੇ ਸਮਝੇ ਜਾਂਦੇ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਤੋਂ ਹਿੰਦੂ ਬਹੁ ਗਿਣਤੀ ਖੁਸ਼ ਕਰਨ ਲਈ ਚੋਣਾ ਦੇ ਇਲੈਕਸ਼ਨ ਸਮੇਂ ਪਾਰਲੀਮੈਂਟ ਹਮਲੇ ਦੇ ਦੋਸ਼ ਵਿੱਚ ਤਿਹਾੜ ਜੇਲ੍ਹ ਵਿੱਚ ਬੰਦ ਕਸ਼ਮੀਰੀ ਅਫਜ਼ਲ ਗੁਰੂ ਨੂੰ ਰਾਤੋ-ਰਾਤ ਫਾਂਸੀ ਦੇ ਦਿੱਤੀ ਜਾਂਦੀ ਹੈ। ਪ੍ਰੀਵਾਰ ਨਾਲ ਆਖਰੀ ਮੁਲਾਕਾਤ ਵੀ ਨਹੀਂ ਕਰਵਾਈ ਜਾਂਦੀ। ਸਮੇ ਦੇ ਹਾਕਮ ਵੀ ਅਜਿਹਾ ਕੁਝ ਹੀ ਕਰਨ ਜਾ ਰਹੇ ਹਨ। ਭਾਈ ਬਲਵੰਤ ਸਿੰਘ ਰਾਜੋਆਣਾ ਨੂੰ ਵੀ ਆਖਰੀ ਮੁਲਾਕਾਤ ਕਰਵਾਏ ਬਿਨਾ ਫਾਂਸੀ ਤੇ ਲਟਕਾਇਆ ਜਾਵੇਗਾ, ਤੇ ਹਕੂਮਤ ਆਪਣੇ ਆਪ ਨੂੰ ਤਸੱਲੀ ਦੇਵੇਗੀ ਕਿ ਅਸੀਂ ਸਿੱਖਾਂ ਨੂੰ ਕੋਈ ਵੀ ਸਬਕ ਸਿਖਾਉਣ ਦੀ ਤਾਕਤ ਰਖਦੇ ਹਾਂ। ਤਾਂ ਇਸ ਵਿੱਚ ਕੁਝ ਝੂਠ ਵੀ ਕੋਈ ਨਹੀਂ। ਮੈਂ ਅੱਜ ਰਾਤ ਹੀ ਹੇਮੰਤ ਠਾਕਰੇ ਸ਼ਿਵ ਸੈਨਾ ਆਗੂ ਦੀ ਪੱਤ੍ਰਕਾਰ ਚੈਨਲ ਨਾਲ ਮੁਲਾਕਾਤ ਸੁਣ ਰਿਹਾ ਸੀ, ਉਹ ਸੱਚ ਕਹਿ ਰਿਹਾ ਸੀ ਕਿ ਇੰਦਰਾ ਗਾਂਧੀ ਦੇ ਕਾਤਲਾਂ ਵਾਂਗ ਭਾਈ ਬਲਵੰਤ ਸਿੰਘ ਰਾਜੋਆਣਾ ਨੂੰ ਉਦੋਂ ਫਾਂਸੀ ਲਗਾਉਣੀ ਚਾਹੀਦੀ ਸੀ। ਇਹਨਾਂ ਲੰਮਾ ਸਮਾ ਜੇਲ੍ਹ ਵਿੱਚ ਕੈਦ ਰੱਖ ਕੇ ਹੁਣ ਫਾਂਸੀ ਲਾਉਣਾ ਠੀਕ ਨਹੀਂ। ਪੰਜਾਬ ਦੇ ਹਾਲਾਤ ਵਿਗੜਦੇ ਹਨ ਤਾਂ ਇਸ ਲਈ ਜਿੰਮੇਵਾਰ ਕੌਣ ਹੋਵੇਗਾ। ਭਾਈ ਰਾਜੋਆਣਾ ਦੇ ਫਾਂਸੀ ਲਗਾਏ ਜਾਣ ਦੇ ਵਿਰੁੱਧ ਹਾਲਾਂ ਤਕ ਸਿੱਖ ਜਥੇਬੰਦੀਆਂ ਦਾ ਕੋਈ ਯੋਜਨਾਬਦ ਪ੍ਰਤੀਕਰਮ ਸਾਹਮਣੇ ਨਹੀਂ ਆਇਆ। ਭਾਈ ਰਾਜੋਆਣਾ ਨੂੰ ਫਾਂਸੀ ਲਗਾਉਣ ਦੀਆਂ ਸਰਕਾਰ ਪੂਰੀਆਂ ਤਿਆਰੀਆਂ ਕਰ ਚੁੱਕੀ ਹੈ, ਤੇ ਸਾਡੇ ਪੰਜਾਬ ਦੇ ਮਾਨਯੋਗ ਮੁੱਖ ਮੰਤਰੀ ਭਗਵੰਤ ਸਿੰਘ ਪਹਿਲਾਂ ਵਾਂਗ ਹੀ ਕੇਂਦਰ ਸਰਕਾਰ ਦਾ ਹੁਕਮ ਵਜਾਉਣਗੇ, ਜਿਵੇਂ ਕਿਸਾਨਾਂ ਦੀ ਚੰਡੀਗੜ੍ਹ ਕੇਂਦਰੀ ਮੰਤਰੀ ਨਾਲ ਮੁਲਾਕਾਤ ਕਰਵਾਉਣ ਤੋਂ ਬਾਅਦ ਪੰਜਾਬ ਪੁਲਿਸ ਤੋਂ ਤਾਕਤ ਦੀ ਵਰਤੋਂ ਕਰਕੇ ਕਿਸਾਨ ਮੋਰਚਾ ਉਜਾੜਿਆ ਸੀ ਤੇ ਕਿਸਾਨਾਂ ਦੀਆਂ ਟਰਾਲੀਆਂ ਤੇ ਸਮਾਨ ਲੁੱਟਿਆ ਸੀ। ਅਖੇ ਜੀ ਅਸੀਂ ਸੁਪ੍ਰੀਮ ਕੋਰਟ ਦੇ ਹੁਕਮਾਂ ਦੀ ਤਾਮੀਲ ਕੀਤੀ ਹੈ।

ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਕੁਲਦੀਪ ਸਿੰਘ ਗੜਗੱਜ ਸਾਹਿਬ ਬਾਦਲ ਦਲ ਦੀ ਉਮੀਦਵਾਰ ਬੀਬੀ ਰੰਧਾਵਾ ਨੂੰ ਸਿਰੋਪਾ ਦੇਣ ਤੱਕ ਨਾ ਸੀਮਤ ਰਹਿ ਜਾਣ, ਕਿਉਂਕਿ ਇਹ ਸੱਚ ਹੈ ਕਿ ਜਿਹੜਾ ਜਥੇਦਾਰ ਬਾਦਲ ਦਲ ਨੂੰ ਪੰਥਕ ਮੰਨੇਗਾ ਉਹ ਹੀ ਜਥੇਦਾਰੀ 'ਤੇ ਟਿਕਿਆ ਰਹਿ ਸਕਦਾ ਹੈ, ਦੂਜਿਆਂ ਨਾਲ ਕੀ ਹੋਇਆ ਸਭ ਨੂੰ ਪਤਾ ਹੀ ਹੈ। ਜੰਮੂ ਦੇ ਵਿੱਚ ਹੋਏ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਗਨ ਭੇਂਟ-ਬੇਅਦਬੀ ਦੀ ਘਟਨਾ ਜਿੱਥੇ ਅਤਿ ਦੁਖਦਾਈ ਘਟਨਾ ਹੈ, ਦੀ ਭਾਈ ਰਾਜੋਆਣਾ ਨੂੰ ਫਾਂਸੀ ਦਿੱਤੇ ਜਾਣ ਤੋਂ ਪਹਿਲਾਂ ਅਜਿਹੀਆਂ ਹੋਰ ਘਟਨਾਵਾਂ-ਹਾਦਸਿਆਂ ਹੋਣ ਦੀਆਂ ਉਦਾਹਰਣਾ ਸਾਹਮਣੇ ਆ ਸਕਦੀਆਂ ਹਨ ਕਿ ਭਾਈ ਰਾਜੋਆਣਾ ਨੂੰ ਫਾਂਸੀ ਦੇ ਵਿਰੁੱਧ ਲਾਮਬੰਦ ਹੋਣ ਦਾ ਸਿੱਖਾਂ ਨੂੰ ਮੌਕਾ ਹੀ ਨਾ ਮਿਲੇ।



ਭਾਈ ਬਲਵੰਤ ਸਿੰਘ ਰਾਜੋਆਣਾ ਨੂੰ ਫਾਂਸੀ ਨਹੀਂ ਦਿੱਤੀ ਜਾਣੀ ਚਾਹੀਦੀ, ਉਹ ਕਿਸੇ ਵੀ ਦੇਸ਼ ਨੂੰ ਤੋੜਣ ਵਾਲੀ ਸਰਗਰਮੀਆਂ ਵਿੱਚ ਸ਼ਾਮਲ ਨਹੀਂ ਹੈ ਤੇ ਨਾ ਹੀ ਉਸ ਤੋਂ ਦੇਸ਼ ਦੀ ਏਕਤਾ ਅਤੇ ਅਖੰਡਤਾ ਨੂੰ ਕੋਈ ਖਤਰਾ ਹੈ। ਭਾਈ ਰਾਜੋਆਣਾ ਨੂੰ ਫਾਂਸੀ ਦੇਣੀ ਦੇਸ਼ ਦੇ ਹਾਕਮਾਂ ਦੀ ਹੰਕਾਰ ਭਰੀ ਬਿਰਤੀ ਤਾਂ ਹੋ ਸਕਦੀ ਹੈ, ਜੋ ਦੇਸ਼ ਦੇ ਹਿੱਤ ਵਿੱਚ ਨਹੀਂ।- ਮਨਿੰਦਰ ਸਿੰਘ ਬਾਜਾ (ਹਿਸਟੋਰੀਅਨ)........ਮੇਰੇ ਦੋਸਤੋ ਤੁਹਾਨੂੰ ਦੀਵਾਲੀ, ਨਵਾਂ ਸਾਲ, ਵਿਸਾਖੀ ਤੇ ਹਰ ਤਿਉਹਾਰ ਮੁਬਾਰਕ ਕਿਵੇਂ ਆਖਾਂ ?ਮੇਰੇ ਛੇਵੇਂ ਸਤਿਗੁਰੂ ਜਿਨ੍ਹਾਂ ਦੀ ਬੰਦੀ ਛੋੜ ਕਰਾਈ, ਉਹਦੇ ਪੁੱਤਰਾਂ ਦੇ ਮੋਟਰ ਸਾਇਕਲਾਂ ਤੋਂ ਲਾਹ ਰਹੇ ਨਿਸ਼ਾਨ ਸਾਹਿਬ ਤੇ ਸਿਰਾਂ ਦੀਆਂ ਦਸਤਾਰਾਂ ਨੂੰ ਪਾ ਰਹੇ ਨੇ ਹੱਥ। ਤੇ ਸਾਨੂੰ ਸਾਡੇ ਅਖੌਤੀ ਰਾਜ ਅੰਦਰ ਆ ਕੇ ਗ੍ਰਿਫਤਾਰ ਕਰ ਲਿਜਾਂਦੇ ਤੇ ਮੇਰੇ ਪੰਜਾਬ ਦੇ ਹਾਕਮ ਉਹਨਾਂ ਸਾਹਮਣੇ ਬੇਵੱਸ ਨਜ਼ਰ ਆਉਂਦਾ। ਬੰਦੀ ਛੋੜ ਦਾਤਾ ਦੇ ਪੁੱਤਰ 30-30 ਸਾਲਾਂ ਤੋਂ ਜੇਲ੍ਹਾਂ ਵਿੱਚ ਬੰਦ ਪਏ, ਮੁੜ ਆਪਣੇ ਘਰੀਂ ਪਰਤਣ ਦੀਆਂ ਆਸਾਂ ਤਾਂ ਹੋਣਗੀਆਂ ਉਨ੍ਹਾਂ ਨੇ ਵੀ ਮੇਰੇ ਵੀਰਾਂ ਕੋਈ ਅਪਰਾਧ ਨਹੀਂ ਕਤਿਾ, ਉਹ ਤਾਂ ਆਪਣੀ ਕੌਮ ਨੂੰ ਅਜ਼ਾਦੀ ਦੀ ਬਹਾਰ ਵਿੱਚ ਵੇਖਣਾ ਚਾਹੁੰਦੇ ਸਨ। ਕੌਮ ਦੇ ਵਿਹੜੇ ਵਿੱਚ ਚਾਨਣ, ਤਾਂ ਹੀ ਆਪ ਹਨੇਰ ਕੋਠੜੀਆਂ ਵਿਚ ਜ਼ਿੰਦਗੀ ਬਤੀਤ ਕਰ ਰਹੇ ਹਨ। ਅੱਜ ਦੇ ਹਾਕਮਾਂ ਨੂੰ ਮੇਰਾ ਗੁਰੂ, ਬਾਣੀ, ਬਾਣਾ, ਸਰੂਪ ਦੇਖ ਨਹੀਂ ਭਾਉਂਦੇ। ਮੇਰੇ ਗੁਰੂ ਗ੍ਰੰਥ ਸਾਹਿਬ ਤੱਕ ਅਗਨ ਭੇਂਟ ਕਰ ਦਿੱਤੇ ਜਾਂਦੇ ਹਨ। ਮੇਰੀਆਂ ਭੈਣਾਂ ਰੁਜ਼ਗਾਰ ਦੀ ਮੰਗ ਕਰਦੀਆਂ ਹਨ ਜਿੰਨ੍ਹਾਂ ਦੀਆਂ ਗੁੱਤਾਂ ਨੂੰ ਹੱਥ ਪੈਂਦੇ, ਕੇਸਾਂ ਦੀ ਬੇਅਦਬੀ, ਚੁੰਨੀਆਂ ਨੂੰ ਰੋਲਿਆ ਜਾਂਦਾ, ਜੇਲ੍ਹਾਂ ਵਿੱਚ ਬੰਦ ਕੌਣ ਕਰ ਰਿਹਾ ਹੈ। ਪੱਗ ਵਾਲਾ ਹਾਕਮ ਦਿੱਲੀ ਦਾ ਕਰਿੰਦਾ। ਹਾਕਮ ਕੁੱਟਣਾ ਤੇ ਤਸੀਹਾ ਘਰਾਂ ਵਿੱਚ ਮੰਗਣ ਤੇ ਪਾਣੀ ਦੀ ਘੁੱਟ ਨਹੀਂ ਦੇਂਦਾ। ਮੇਰੇ ਪੰਜਾਬ ਨੂੰ ਪਾਣੀ ਨਾਲ ਡੋਬ ਕੇ ਖੱਚਰੀ ਹਾਸੀ ਹੱਸਦਾ ਰਹਿੰਦਾ, ਰੱਬੀ ਕਹਿਰ ਤੇ ਮੱਦਦ ਪੰਜਾਬ ਦੀ ਥਾਂ ਅਫਗਾਨਿਸਤਾਨ ਭੇਜਦਾ। ਹਾਂ ਇਸ ਲਈ ਅਫਗਾਨਾਂ ਨੂੰ ਭਜਾਉਣ ਵਾਲਿਆਂ ਤੋਂ ਉਸਨੂੰ ਡਰ ਲਗਦਾ, ਕਿ ਕਿਤੇ ਡੁੱਬਦੇ ਪੰਜਾਬ ਦੀ ਮੱਦਦ ਲਈ ਆਏ ਅੱਲ੍ਹਾ ਤਾਅਲਾ ਦੇ ਪੁੱਤਰਾਂ ਵੱਲ ਘੂਰ-ਘੂਰ ਵੇਖਦਾ ਹੈ, ਤੇ ਇਹਨਾਂ ਦੇ ਮਿਲਾਪ ਨੂੰ ਦੁਸ਼ਮਣੀ ਵਿੱਚ ਕਿਵੇਂ ਬਦਲਣਾ। ਇਹ ਵੀ ਜਰੂਰੀ ਹੈ ਸੋਚ ਰਿਹਾ ਹੋਵੇਗਾ। ਹਾਂ ਦੋਸਤ ਦੀਵਾਲੀ, ਵਿਸਾਖੀ ਮੁਬਾਰਕ ਜ਼ਰੂਰ ਆਖਾਂਗਾ। ਜਿਸ ਦਿਨ ਮੇਰੇ ਵੀਰ ਹਵਾਰਾ, ਭਿਉਰਾ, ਰਾਜੋਆਣਾ, ਭੁੱਲਰ ਅਤੇ ਬਾਬਾ ਜਸਵੰਤ ਸਿੰਘ ਕਾਲਾ ਆਪਣੇ ਘਰੀਂ ਪਰਤਣਗੇ। ਉਹ ਭੀ ਇੱਕ ਦਿਨ ਅਲਾਹੀ ਹੋਵੇਗਾ, ਆਪਣੀ ਜਿਮੀ ਹੋਗੀ ਆਪਣਾ ਆਸਮਾਂ ਹੋਗਾ। ਸਾਰੇ ਪਾਸੇ ਰੌਸ਼ਨੀ ਹੋਗੀ, ਸਾਰੇ ਵਹਾਂ ਚਾਨਣ ਹੋਗਾ। ਫਿਰ ਸਭ ਨੂੰ ਨਵਾਂ ਸਾਲ, ਵਿਸਾਖੀ, ਦਿਵਾਲੀ-ਬੰਦੀ ਛੋੜ ਤੇ ਹਰ ਦਿਨ ਮੁਬਾਰਕ ਹੋਗਾ।

**- ਮਨਿੰਦਰ ਸਿੰਘ ਬਾਜਾ**
**(ਹਿਸਟੋਰੀਅਨ)**

ਆਵਾਜ਼ਿ ਕੌਮ AWAZE QAUM International Newspaper & WEB TV

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

# ਭਾਰਤੀ ਸਟੇਟ ਅਤੇ ਫ਼ਿਰਕੂ ਹਿੰਦੂਤਵ ਵੱਲੋਂ ਸਿੱਖ ਧਰਮ ਉੱਤੇ ਸਰੀਰਕ ਅਤੇ ਸਿਧਾਂਤਕ ਹਮਲੇ




**ਦੁਨੀਆਂ** ਦੇ ਉੱਤੇ ਅਨੇਕਾਂ ਧਰਮ ਅਤੇ ਫ਼ਿਰਕੇ ਹਨ ਤੇ ਸਭ ਆਪੋ-ਆਪਣੀ ਥਾਂਏਂ ਸਤਿਕਾਰਯੋਗ ਹਨ।ਅੰਗਰੇਜ਼ ਇਤਿਹਾਸਕਾਰਾਂ, ਦੁਨੀਆਂ ਦੇ ਮਹਾਨ ਫ਼ਿਲਾਸਫ਼ਰਾਂ ਤੇ ਉੱਚ ਹਸਤੀਆਂ ਨੇ ਸਿੱਖ ਧਰਮ ਨੂੰ ਸਭ ਤੋਂ ਉੱਤਮ ਅਤੇ ਮਹਾਨ ਮੰਨਿਆ ਹੈ ਕਿਉਂਕਿ ਸਿੱਖ ਧਰਮ ਦੇ ਕੋਲ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੇ ਪਾਵਨ ਸਰੂਪ ਹਨ ਜੋ ਸਮੁੱਚੀ ਲੋਕਾਈ ਨੂੰ ਅਧਿਆਤਮਕ, ਰੂਹਾਨੀਅਤ ਅਤੇ ਦੁਨਿਆਵੀਂ ਗਿਆਨ ਬਖ਼ਸ਼ਦੇ ਹਨ।ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਮੁੱਚੇ ਸੰਸਾਰ ਨੂੰ ਕਲਾਵੇਂ ਵਿੱਚ ਲੈਂਦੇ ਹਨ, ਬ੍ਰਹਿਮੰਡੀ ਭੇਦ ਵੀ ਖੋਲ੍ਹਦੇ ਹਨ, ਊਚ-ਨੀਚ ਦਾ ਭੇਦ ਖ਼ਤਮ ਕਰਦੇ ਹਨ, ਸਰਬ-ਸਾਂਝੀਵਾਲਤਾ ਅਤੇ ਸ਼ਾਂਤੀ ਦਾ ਸੰਦੇਸ਼ ਦਿੰਦੇ ਹਨ, ਮਨੁੱਖ ਨੂੰ ਭਗਤੀ-ਸ਼ਕਤੀ ਨਾਲ ਜੋੜਦੇ ਹਨ ਅਤੇ ਅਣਖ਼ ਤੇ ਸਵੈਮਾਣ ਕਾਇਮ ਰੱਖਣ ਲਈ ਪ੍ਰੇਰਦੇ ਹਨ। ਸ਼ਾਇਦ ਇਸੇ ਕਰਕੇ ਸਿੱਖ ਧਰਮ ਦੀ ਸਰੀਰਕ ਹੋਂਦ ਅਤੇ ਮਹਾਨ ਵਿਚਾਰਧਾਰਾ ਨੂੰ ਖ਼ਤਮ ਕਰਨ ਲਈ ਸਮੇਂ-ਸਮੇਂ ਦੀਆਂ ਹਕੂਮਤਾਂ ਅਨੇਕਾਂ ਯਤਨ ਕਰਦੀਆਂ ਰਹੀਆਂ ਹਨ, ਪਰ ਇਹ ਧਰਮ ਦਿਨੋਂ-ਦਿਨ ਸੰਸਾਰ ਵਿੱਚ ਫੈਲਦਾ ਜਾ ਰਿਹਾ ਹੈ। ਜੇਕਰ ਝਾਤ ਮਾਰੀਏ ਤਾਂ ਸਿੱਖ ਧਰਮ ਦਾ ਸਾਰਾ ਇਤਿਹਾਸ ਸੇਵਾ, ਸਿਮਰਨ, ਤਿਆਗ, ਭਲਾਈ, ਕੁਰਬਾਨੀਆਂ ਤੇ ਸ਼ਹਾਦਤਾਂ ਨਾਲ ਭਰਿਆ ਪਿਆ ਹੈ। ਇਸ ਧਰਮ ਦੇ ਮੋਢੀ ਸੰਸਥਾਪਕ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਨੇ ਲੋਕਾਈ ਨੂੰ ਇੱਕ ਅਕਾਲ ਪੁਰਖ ਨਾਲ ਜੋੜਿਆ ਅਤੇ ਨਾਮ ਜਪੋ, ਵੰਡ ਛਕੋ ਤੇ ਕਿਰਤ ਕਰੋ ਦਾ ਉਪਦੇਸ਼ ਦਿੱਤਾ। ਇਸ ਦੇ ਨਾਲ ਹੀ ਗੁਰੂ ਪਾਤਸ਼ਾਹ ਨੇ ਬ੍ਰਾਹਮਣਾਂ, ਜੋਗੀਆਂ, ਮੌਲਾਣਿਆਂ ਤੇ ਪਖੰਡੀਆਂ ਨੂੰ ਸਿੱਧੇ ਰਾਹ ਪਾਇਆ ਤੇ ਹੱਕ-ਸੱਚ ਦਾ ਹੋਕਾ ਵੀ ਦਿੱਤਾ ਅਤੇ 'ਬਾਬਰ' ਨੂੰ 'ਜਾਬਰ' ਕਹਿ ਕੇ ਜ਼ੁਲਮ ਖ਼ਿਲਾਫ਼ ਅਵਾਜ਼ ਵੀ ਬੁਲੰਦ ਕੀਤੀ ਤੇ ਇੱਕ ਵੱਖਰੇ, ਨਿਆਰੇ, ਸੁਤੰਤਰ ਤੇ ਨਿਵੇਕਲੇ ਧਰਮ ਦੀ ਹੋਂਦ ਕਾਇਮ ਕੀਤੀ, ਜਿਸ ਨੂੰ ਖ਼ਤਮ ਕਰਨ ਲਈ ਸਭ ਤੋਂ ਪਹਿਲਾਂ ਮੁਗਲ ਹਾਕਮਾਂ ਨੇ ਹਰ ਢੰਗ-ਤਰੀਕਾ ਵਰਤਿਆ। ਫਿਰ ਅੰਗਰੇਜ਼ ਸਾਮਰਾਜ ਨੇ ਵੀ ਕੋਈ ਘੱਟ ਨਾ ਕੀਤੀ ਤੇ ਰਹਿੰਦੀ ਕਸਰ ਹਿੰਦੂਤਵ ਨੇ ਪੂਰੀ ਕਰ ਦਿੱਤੀ; ਜਿਸ ਨੇ 'ਭਰਾ' ਬਣ ਕੇ ਸਿੱਖ ਧਰਮ ਦੀ ਪਿੱਠ 'ਚ ਐਸਾ ਖੰਜ਼ਰ ਖੋਭਿਆ ਕਿ ਸਿੱਖ ਅਤੇ ਸਿੱਖੀ ਮਲੀਆਮੇਟ ਹੋ ਜਾਵੇ।ਪਰ ਗੁਰੂ ਨਾਨਕ ਸਾਹਿਬ ਦੇ ਦਸਵੇਂ ਸਰੂਪ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਮਹਾਰਾਜ ਵੱਲੋਂ ਪ੍ਰਗਟ ਕੀਤੇ ਖ਼ਾਲਸੇ ਨੇ ਸਮੇਂ-ਸਮੇਂ 'ਤੇ ਫ਼ਿਰਕੂ ਹਿੰਦੂਤਵ ਨੂੰ ਕਰਾਰਾ ਜਵਾਬ ਦਿੱਤਾ। ਜੂਨ 1984 ਦਾ ਸ੍ਰੀ ਅਕਾਲ ਤਖ਼ਤ ਸਾਹਿਬ ਉੱਤੇ ਹੋਇਆ ਕਹਿਰੀ ਹਮਲਾ ਸਾਡੇ ਸਭ ਦੇ ਸਾਹਮਣੇ ਹੈ, ਜਦੋਂ ਦਮਦਮੀ ਟਕਸਾਲ ਦੇ ਚੌਦ੍ਹਵੇਂ ਮੁਖੀ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਨੇ ਹਿੰਦੂ ਸਾਮਰਾਜ ਨੂੰ ਸਿਧਾਂਤਕ ਚੁਣੌਤੀ ਅਤੇ ਹਥਿਆਰਬੰਦ ਟੱਕਰ ਦੇ ਕੇ ਚਮਕੌਰ ਦੀ ਗੜ੍ਹੀ ਜਿਹਾ ਸ਼ਾਨਾਮੱਤਾ ਇਤਿਹਾਸ ਸਿਰਜ ਦਿੱਤਾ ਤੇ ਹਿੰਦੂਤਵੀ ਸਰਕਾਰ ਦਾ ਹੰਕਾਰ ਚਕਨਾਚੂਰ ਕਰ ਦਿੱਤਾ।1984 ਤੋਂ 1995 ਤਕ ਹਿੰਦੂਤਵ ਦਾ ਜ਼ੁਲਮ ਸਿਖਰਾਂ 'ਤੇ ਰਿਹਾ ਪਰ ਖ਼ਾਲਸੇ ਨੇ ਪੁਲਿਸ ਅਤੇ ਫ਼ੌਜ ਨਾਲ ਹੋਏ ਮੁਕਾਬਲਿਆਂ ਵਿੱਚ 'ਸਵਾ ਲਾਖ ਸੇ ਏਕ ਲੜਾਊਂ" ਵਾਲਾ ਇਤਿਹਾਸ ਅਨੇਕਾਂ ਥਾਂਵਾਂ 'ਤੇ ਦੁਹਰਾਇਆ ਤੇ ਘਰ-ਘਰ ਚਮਕੌਰ ਦੀ ਗੜ੍ਹੀ ਵਾਲਾ ਕਾਰਨਾਮਾ ਕਰ ਵਿਖਾਇਆ। ਖਾਲਸੇ ਦੀ ਨੀਤੀ, ਬਲ਼ ਅਤੇ ਜੰਗੀ ਰੂਪ ਨੂੰ ਵੇਖ ਕੇ ਹਿੰਦੂਤਵ ਹੈਰਾਨ-ਪ੍ਰੇਸ਼ਾਨ ਹੋ ਗਿਆ ਤੇ ਉਸ ਨੇ ਸੋਚ ਲਿਆ ਕਿ ਸਿੱਖਾਂ ਨਾਲ ਸਿੱਧਾ ਲੜਨਾ ਔਖਾ ਹੈ। ਸਿੱਖਾਂ ਨੇ ਪ੍ਰਧਾਨ ਮੰਤਰੀ, ਫ਼ੌਜ ਮੁਖੀ, ਮੁੱਖ ਮੰਤਰੀ, ਕਈ ਵੱਡੇ ਪੁਲਿਸ ਅਫ਼ਸਰ, ਮੰਤਰੀਆਂ ਅਤੇ ਹੋਰ ਪੰਥ ਦੋਖੀਆਂ ਨੂੰ ਚੁਣ-ਚੁਣ ਕੇ ਗੱਡੀ ਚਾੜ੍ਹ ਦਿੱਤਾ ਅਤੇ ਖ਼ਾਲਸਾਈ ਜਾਹੋ-ਜਲਾਲ ਅਤੇ ਖ਼ਾਲਿਸਤਾਨੀ ਵਰਤਾਰਾ ਪ੍ਰਚੰਡ ਕਰ ਦਿੱਤਾ, ਇਸ ਲਈ ਹੁਣ ਸਿੱਖਾਂ ਉੱਤੇ ਹਮਲਾ ਕੇਵਲ ਸਰੀਰਕ ਨਹੀਂ ਬਲਕਿ ਸਿਧਾਂਤਕ ਤੌਰ 'ਤੇ ਵੀ ਕਰਨਾ ਹੈ।ਮਿਲਾਨ ਕੁੰਦਰਾ ਅਨੁਸਾਰ "ਇੱਕ ਕੌਮ ਨੂੰ ਨਸ਼ਟ ਕਰਨ ਵਿੱਚ ਪਹਿਲਾ ਕਦਮ ਉਸ ਦੀ ਯਾਦਾਸ਼ਤ ਨੂੰ ਮੇਟ ਦੇਣਾ ਹੁੰਦਾ ਹੈ। ਉਸ ਦੀਆਂ ਕਿਤਾਬਾਂ, ਉਸ ਦੇ ਸੱਭਿਆਚਾਰ ਅਤੇ ਇਤਿਹਾਸ ਨੂੰ ਤਬਾਹ ਕਰ ਦੇਵੋ। ਫਿਰ ਕਿਸੇ ਕੋਲੋਂ ਨਵੀਆਂ ਕਿਤਾਬਾਂ ਲਿਖਵਾ ਲਵੋ, ਇੱਕ ਨਵਾਂ ਇਤਿਹਾਸ ਰਚ ਲਵੋ।ਕੁਝ ਚਿਰ ਬਾਅਦ ਉਹ ਕੌਮ ਆਪੇ ਇਹ ਗੱਲ ਭੁੱਲ ਜਾਵਗੀ ਕਿ ਉਹ ਕੀ ਹੈ ਤੇ ਕੀ ਸੀ।ਮਨੁੱਖ ਦੀ ਸੱਤਾ ਦੇ ਖਿਲਾਫ਼ ਜੱਦੋ-ਜਹਿਦ ਭੁੱਲ-ਭੁਲਾ ਜਾਣ ਦੇ ਖਿਲਾਫ਼ ਯਾਦ ਰੱਖਣ ਦੀ ਜੱਦੋ-ਜਹਿਦ ਹੈ।÷ਪ੍ਰਸਿੱਧ ਅੰਗਰੇਜ਼ ਇਤਿਹਾਸਕਾਰ ਮੈਕਾਲਿਫ਼ ਲਿਖਦਾ ਹੈ ਕਿ "ਸਿੱਖ ਇਕ ਸੁਤੰਤਰ ਧਰਮ ਹੈ। ਸਿੱਖ ਪੰਥ ਹਿੰਦੂ ਧਰਮ ਵਿੱਚੋਂ ਨਹੀਂ ਹੈ। ਇਸ ਲਈ ਹਿੰਦੂ ਧਰਮ, ਸਿੱਖ ਧਰਮ ਨੂੰ ਨਿਗਲਣ ਦੀ ਕੋਸ਼ਿਸ਼ ਕਰ ਰਿਹਾ ਹੈ। ਹਿੰਦੂ ਧਰਮ ਸਿੱਖ ਧਰਮ ਦਾ ਸਭ ਤੋਂ ਵੱਡਾ ਦੁਸ਼ਮਣ ਹੈ। ਉਹ ਭਾਰਤੀ ਜੰਗਲ਼ ਦੇ ਓਸ ਅਜਗਰ ਸਮਾਨ ਹੈ, ਜੋ ਛੋਟੇ-ਛੋਟੇ ਦੁਸ਼ਮਣ ਪ੍ਰਾਣੀਆਂ ਨੂੰ ਪਹਿਲਾਂ ਆਪਣੀ ਲਪੇਟ ਵਿਚ ਸਮਾਅ ਲੈਂਦਾ ਹੈ, ਫਿਰ ਆਪਣੀ ਜਕੜ ਨਾਲ ਕੱਸ ਕੇ ਉਸ ਨੂੰ ਕੁਚਲ ਦੇਂਦਾ ਹੈ ਅਤੇ ਅੰਤ ਵਿੱਚ ਉਸ ਨੂੰ ਆਪਣੇ ਵਿਸ਼ਾਲ ਪੇਟ ਵਿੱਚ ਸਮਾਅ ਲੈਂਦਾ ਹੈ। ਇਸ ਲਈ ਸਿੱਖਾਂ ਦਾ ਸਭ ਤੋਂ ਵੱਡਾ ਦੁਸ਼ਮਣ ਹਿੰਦੂ ਧਰਮ ਹੈ। ਉਸ ਵਿਸ਼ਾਲ ਅਜਗਰ (ਹਿੰਦੂ ਧਰਮ) ਤੋਂ ਸਿੱਖ ਧਰਮ ਨੂੰ ਬਚਾਉਣ ਲਈ ਬ੍ਰਿਟਿਸ਼ ਸਰਕਾਰ ਨੂੰ ਸਿੱਖ ਪੰਥ ਦੀ ਮਦਦ ਕਰਨੀ ਚਾਹੀਦੀ ਹੈ।÷ਡੀ. ਪੈਟਰੀ (ਸੀ.ਆਈ.ਡੀ. ਪ੍ਰਮੁੱਖ, ਸਰਕਾਰ-ਏ-ਹਿੰਦ) ਜੋ 11 ਅਗਸਤ ਸੰਨ 1911 ਦੀ ਖ਼ੁਫ਼ੀਆ ਰਿਪੋਰਟ ਵਿੱਚ ਲਿਖਦਾ ਹੈ ਕਿ "ਹਿੰਦੂ ਮੱਤ ਮੁੱਢ ਤੋਂ ਹੀ ਸਿੱਖੀ ਦਾ ਦੁਸ਼ਮਣ ਚਲਿਆ ਆਉਂਦਾ ਹੈ ਕਿਉਂਕਿ ਸਿੱਖ ਗੁਰੂਆਂ ਨੇ ਜਾਤ-ਪਾਤ, ਜੋ ਕਿ ਬ੍ਰਾਹਮਣੀ ਮੱਤ ਦੀ ਅਧਾਰਸ਼ਿਲਾ ਹੈ, ਦੀ ਭਰਪੂਰ ਤੇ ਸਫ਼ਲ ਮੁਖਾਲਫ਼ਤ ਕੀਤੀ ਹੈ। ਇਸ ਕਾਰਨ ਹਿੰਦੂਆਂ ਦੀ ਇਹ ਨਿਸ਼ਚਿਤ ਨੀਤੀ ਚੱਲੀ ਆਉਂਦੀ ਹੈ ਕਿ ਸਿੱਖ ਧਰਮ ਦਾ ਵਿਨਾਸ਼ ਕੀਤਾ ਜਾਵੇ ਅਤੇ ਉਹ ਆਪਣੇ ਬੱਚਿਆਂ ਨੂੰ ਸਿੱਖੀ ਗ੍ਰਹਿਣ ਕਰਨੋਂ ਵੀ ਰੋਕਦੇ ਹਨ ਅਤੇ ਸਿੱਖ ਮਾਪਿਆਂ ਦੇ ਬੱਚਿਆਂ ਨੂੰ ਅੰਮ੍ਰਿਤ ਛਕ ਕੇ ਤਿਆਰ-ਬਰ-ਤਿਆਰ ਖ਼ਾਲਸਾ ਬਣਨੋਂ ਵੀ ਰੋਕਦੇ ਹਨ। ਜਿਹੜੇ ਸਿੱਖੀ ਗ੍ਰਹਿਣ ਕਰ ਚੁੱਕੇ ਹੋਣ ਅਤੇ ਜੋ ਅੰਮ੍ਰਿਤਧਾਰੀ ਸਿੰਘ ਹੋਣ, ਉਨ੍ਹਾਂ ਨੂੰ ਹਿੰਦੂ ਹਰ ਪ੍ਰਕਾਰ ਦੇ ਹੀਲੇ ਤੇ ਲਾਲਚ ਵਰਤ ਕੇ ਸਿੱਖੀ ਤੋਂ ਪਤਿਤ ਕਰਨ ਲਈ ਸਦੀਵ ਤਤਪਰ ਰਹਿੰਦੇ ਹਨ। ਹਿੰਦੂ ਮੱਤ ਨੇ ਬੁੱਧ ਮੱਤ ਦਾ ਗਲਾ ਘੁੱਟ ਕੇ ਉਸ ਨੂੰ ਮਾਰ ਮੁਕਾਇਆ ਹੈ ਅਤੇ ਹਿੰਦੂ, ਸਿੱਖਾਂ ਦਾ ਵਿਨਾਸ਼ ਕਰਨ ਵਿੱਚ ਬਹੁਤ ਹੱਦ ਤਕ ਸਫ਼ਲ ਹੋ ਚੁੱਕੇ ਹਨ।" ਸ. ਭਗਵਾਨ ਸਿੰਘ, ਸੱਬ ਜੱਜ, ਜਲੰਧਰ ਜੋ 1970 ਵਿੱਚ ਅਦਾਲਤ ਵਿੱਚ ਇੱਕ ਕੇਸ ਬਾਰੇ ਟਿੱਪਣੀ ਕਰਦੇ ਹਨ ਕਿ "ਸਿੱਖੀ ਹੁਣ ਬਹੁਤਾ ਚਿਰ ਨਹੀਂ ਬਚਣੀ। ਮੈਂ ਸਮਝਦਾਂ ਹਾਂ ਕਿ ਸਿੱਖ, ਸਿੱਖ ਹੋ ਕੇ ਵੀ ਹਿੰਦੂ ਹੋਣ ਦਾ ਅੱਕ ਕਿਉਂ ਚੱਬਣ ਲੱਗੇ ਹਨ ਪਰ ਹੁਣ ਇਹਨਾਂ ਕੋਲ ਹੋਰ ਕੋਈ ਚਾਰਾ ਵੀ ਤਾਂ ਨਹੀਂ। ਜੇ ਆਪਣੇ ਆਪ ਨੂੰ ਇਹ ਹਿੰਦੂ ਨਹੀਂ ਕਹਿੰਦੇ ਤਾਂ ਜ਼ਮੀਨ ਜਾਂਦੀ ਤੇ ਜੇ ਹਿੰਦੂ ਕਹਿੰਦੇ ਹਨ ਤਾਂ ਸਿੱਖੀ ਜਾਂਦੀ ਹੈ। ਜ਼ਮੀਨ ਵੱਟੇ ਸਿੱਖੀ ਰੱਖਣੀ ਇਨ੍ਹਾਂ ਲਈ ਬੜਾ ਮਹਿੰਗਾ ਸੌਦਾ ਹੈ। ਇਹ ਵਿਚਾਰੇ ਤਾਂ ਵਾਹੀ ਤੋਂ ਬਿਨਾਂ ਹੋਰ ਕੋਈ ਧੰਦਾ ਵੀ ਨਹੀਂ ਜਾਣਦੇ। ਇਹਨਾਂ ਕਿਹੜਾ ਹਿੰਦੂਆਂ ਵਾਂਗ ਪਕੌੜੇ ਤਲ਼ ਕੇ ਰੋਟੀ ਕਮਾ ਲੈਣੀ ਹੈ।÷ਸ. ਠਾਕਰ ਸਿੰਘ ਸੰਧਾਵਾਲੀਆ ਦੀ ਕੀਤੀ ਭਵਿੱਖਬਾਣੀ ਵੀ ਸੱਚ ਨਿਕਲੀ ਕਿ "ਗੁਰੂ ਨਾ ਕਰੇ, ਜੇ ਸਿੱਖ ਕਦੇ ਹਿੰਦੂਆਂ ਦੇ ਹੇਠਾਂ ਆ ਗਏ ਤਾਂ ਸਿੱਖਾਂ ਸਾਹਮਣੇ ਸਵਾਲ ਜ਼ਿੰਦਗੀ ਦੇ ਬਚਾਅ ਦਾ ਹੋਵੇਗਾ, ਰਾਜ-ਭਾਗ ਵਿਚ ਹਿੱਸੇਦਾਰ ਬਣਨ ਦਾ ਨਹੀਂ।"ਤੇ ਇਹੀ ਸਭ ਕੁਝ ਸਿੱਖਾਂ ਨਾਲ ਹੋ ਰਿਹਾ ਹੈ ਤੇ ਸਿੱਖ ਇਸ ਜੱਦੋ-ਜਹਿਦ ਖਿਲਾਫ਼ ਜੂਝ ਰਹੇ ਹਨ।ਆਰ.ਐੱਸ.ਐੱਸ. ਕੱਟੜ ਹਿੰਦੂ ਸੰਸਥਾ ਨੇ ਸਿੱਖ ਸਿਧਾਂਤਾਂ, ਸਿੱਖ ਮਰਯਾਦਾ, ਸਿੱਖ ਇਤਿਹਾਸ, ਸਿੱਖ ਪ੍ਰੰਪਰਾਵਾਂ, ਸਿੱਖ ਰਵਾਇਤਾਂ, ਸਿੱਖ ਵਿਸ਼ਵਾਸਾਂ ਤੇ ਸਿੱਖ ਪਛਾਣ ਉੱਤੇ ਲਗਾਤਾਰ ਹਮਲੇ ਕੀਤੇ, ਸਿੱਖੀ ਉੱਤੇ ਹਿੰਦੂਤਵੀ ਰੰਗ ਚਾੜ੍ਹਨ ਦੀਆਂ ਕੋਸ਼ਿਸ਼ਾਂ ਕੀਤੀਆਂ, ਸਿੱਖ ਧਰਮ ਨੂੰ ਹਿੰਦੂ ਧਰਮ ਦੀ ਇੱਕ ਸ਼ਾਖਾ ਤੇ ਸਿੱਖਾਂ ਨੂੰ ਕੇਸਾਧਾਰੀ ਹਿੰਦੂ ਸਾਬਤ ਕਰਨ ਲਈ ਅੱਡੀ-ਚੋਟੀ ਦਾ ਜ਼ੋਰ ਲਾਇਆ, ੴ ਦਾ ਸਰੂਪ ਵਿਗਾੜਿਆ, ਗੁਰੂ ਸਾਹਿਬਾਨਾਂ ਦੀ ਵਿਚਾਰਧਾਰਾ ਨੂੰ ਸੱਟ ਮਾਰੀ, ਗੁਰੂ ਨਾਨਕ ਸਾਹਿਬ ਨੂੰ ਜਨੇਊਧਾਰੀ ਅਤੇ ਗੁਰੂ ਗੋਬਿੰਦ ਸਿੰਘ ਮਹਾਰਾਜ ਨੂੰ 'ਦੇਵੀ ਪੂਜਕ' ਆਖਿਆ। ਇਸੇ ਤਰ੍ਹਾਂ ਸ੍ਰੀ ਦਰਬਾਰ ਸਾਹਿਬ ਨੂੰ 'ਵਿਸ਼ਨੂੰ ਮੰਦਰ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ 'ਪੰਜਵਾਂ ਵੇਦ' ਪ੍ਰਚਾਰਿਆ। ਸ਼ਹੀਦ ਭਾਈ ਮਤੀ ਦਾਸ ਜੀ ਨੂੰ 'ਸ੍ਰੀ ਗੁਰੂ ਮਤੀ ਦਾਸ ਸ਼ਰਮਾ' ਅਤੇ ਪੰਜ ਪਿਆਰਿਆਂ ਨੂੰ 'ਹਿੰਦੂ' ਦੱਸਿਆ। ਬਾਬਾ ਬੰਦਾ ਸਿੰਘ ਬਹਾਦਰ ਨੂੰ 'ਵੀਰ ਬੰਦਾ ਬੈਰਾਗੀ' ਅਤੇ ਸ਼ਹੀਦ ਭਾਈ ਹਕੀਕਤ ਸਿੰਘ ਨੂੰ 'ਵੀਰ ਹਕੀਕਤ ਰਾਏ' ਵਜੋਂ ਪੇਸ਼ ਕੀਤਾ। ਸਾਹਿਬਜ਼ਾਦਿਆਂ ਨੂੰ 'ਦੇਵਤਿਆਂ ਦੇ ਅਵਤਾਰ' ਅਤੇ ਜਪੁ ਜੀ ਸਾਹਿਬ ਨੂੰ 'ਗੀਤਾ' ਦਾ ਹੀ ਰੂਪ ਕਿਹਾ। ਸ੍ਰਿਸ਼ਟੀ ਅਤੇ ਧਰਮ ਦੀ ਚਾਦਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਮਹਾਰਾਜ ਨੂੰ ਕੇਵਲ 'ਹਿੰਦ (ਹਿੰਦੁਸਤਾਨ) ਦੀ ਚਾਦਰ' ਅਤੇ ਉਹਨਾਂ ਦੀ ਮਹਾਨ ਸ਼ਹਾਦਤ ਨੂੰ 'ਬਲੀਦਾਨ' ਵਜੋਂ ਪ੍ਰਚਾਰ ਕੇ ਛੋਟਾ ਕਰਨਾ ਚਾਹਿਆ, ਗੁਰੂ ਸਾਹਿਬਾਨਾਂ ਨੂੰ ਲਵ-ਕੁਸ਼ ਦੀ ਔਲਾਦ ਕਿਹਾ, ਅਕਾਲ ਪੁਰਖ ਦੀ ਸ਼ਕਤੀ ਅਤੇ ਕਿਰਪਾਨ ਨੂੰ ਦੁਰਗਾ ਜਾਂ ਚੰਡੀ ਆਖਿਆ, ਸਿੱਖਾਂ ਦੇ ਕਾਤਲਾਂ ਨੂੰ ਮਹਾਨ ਸਿੱਖ ਬਣਾ ਕੇ ਪੇਸ਼ ਕੀਤਾ, ਸਾਡੇ ਜੁਝਾਰੂ ਸਿੰਘਾਂ ਨੂੰ ਅੱਤਵਾਦੀ ਪ੍ਰਚਾਰਿਆ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਅਕਾਲ ਪੁਰਖ ਪ੍ਰਤੀ ਆਏ 'ਰਾਮ' ਸ਼ਬਦ ਨੂੰ ਦਸ਼ਰਥ ਦੇ ਬੇਟੇ ਸ੍ਰੀ ਰਾਮ ਚੰਦਰ ਨਾਲ ਜੋੜਿਆ, ਸਾਹਿਬਜ਼ਾਦਿਆਂ ਦੀਆਂ ਸ਼ਹਾਦਤਾਂ ਨੂੰ ਭਾਰਤ ਦੀ ਏਕਤਾ ਅਤੇ ਅਖੰਡਤਾ ਲਈ ਦੱਸਿਆ, ਜੂਨ 1984 ਵਿੱਚ ਭਾਰਤੀ ਸਟੇਟ ਵੱਲੋਂ ਕੀਤੇ ਹਮਲੇ ਨੂੰ ਕੇਵਲ ਕਾਂਗਰਸ ਤੇ ਇੰਦਰਾ ਗਾਂਧੀ ਵੱਲੋਂ ਕੀਤਾ ਹਮਲਾ ਕਿਹਾ, ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਨੂੰ ਭਸਮਾਸੁਰ ਰਾਖਸ਼ਸ਼ ਲਿਖਿਆ, ਸਿੱਖ ਧਰਮ ਦਾ ਸਨਾਤਨੀਕਰਨ ਤੇ ਬ੍ਰਾਹਮਣੀਵਾਦ ਕਰਨ ਉੱਤੇ ਜ਼ੋਰ ਲਾਇਆ, ਮਹਾਰਾਜਾ ਰਣਜੀਤ ਸਿੰਘ ਦੀ ਕਿਰਦਾਰਕੁਸ਼ੀ ਕੀਤੀ। ਕਦੇ ਗੁਰੂ ਸਾਹਿਬਾਨਾਂ ਨੂੰ 'ਗਊ ਪੂਜਕ ਅਤੇ ਗਊ ਰਖਵਾਲੇ' ਪ੍ਰਚਾਰ ਕੇ ਗਾਂ ਦੀ ਇੱਕ ਤਸਵੀਰ ਵਿੱਚ ਵਿਖਾ ਦਿੱਤਾ ਤੇ ਕਦੇ ਗੁਰੂ ਸਾਹਿਬਾਨਾਂ ਦੀਆਂ ਕਾਲਪਨਿਕ ਤਸਵੀਰਾਂ ਉੱਤੇ ਰਾਮ ਚੰਦਰ ਅਤੇ ਸ਼ਿਵ ਜੀ ਨੂੰ ਸ਼ਕਤੀ ਦਿੰਦਿਆਂ ਵਿਖਾਇਆ ਗਿਆ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਤਸਵੀਰ ਅਖੌਤੀ ਮਹਾਤਮਾ ਗਾਂਧੀ, ਇੰਦਰਾ ਗਾਂਧੀ, ਮਹਾਰਾਣਾ ਪ੍ਰਤਾਪ ਅਤੇ ਸ਼ਿਵਾ ਜੀ ਮਰਾਠਾ ਨਾਲ ਜੋੜ ਕੇ ਸਿੱਖਾਂ ਦੇ ਹਿਰਦੇ ਵਲੂੰਧਰ ਦਿੱਤੇ।ਆਰ.ਐੱਸ.ਐੱਸ. ਨੇ ਗੁਰੂ ਸਾਹਿਬਾਨਾਂ, ਸਿੱਖੀ ਅਤੇ ਸਿੱਖਾਂ ਦਾ ਰਾਸ਼ਟਰੀਕਰਨ ਅਤੇ ਹਿੰਦੂਕਰਨ ਕਰਨ ਵਿੱਚ ਆਪਣੀ ਪੂਰੀ ਤਾਕਤ ਝੋਕੀ। ਆਰ.ਐੱਸ.ਐੱਸ. ਦੇ ਮੁਖੀ ਮੋਹਨ ਭਾਗਵਤ ਦੇ ਅਕਸਰ ਹੀ ਬਿਆਨ ਆਉਂਦੇ ਰਹਿੰਦੇ ਹਨ ਕਿ "ਭਾਰਤ ਵਿੱਚ ਰਹਿਣ ਵਾਲੇ ਸਾਰੇ ਹਿੰਦੂ ਹੀ ਹਨ।" ਭਾਰਤੀ ਸੰਵਿਧਾਨ ਵਿੱਚ ਸਿੱਖਾਂ ਨੂੰ ਹਿੰਦੂ ਧਰਮ ਦਾ ਹੀ ਇੱਕ ਹਿੱਸਾ ਮੰਨਿਆ ਤੇ ਸਿੱਖਾਂ ਦੀ ਵੱਖਰੀ ਪਛਾਣ ਉੱਤੇ ਸਵਾਲੀਆ ਚਿੰਨ੍ਹ ਲਾ ਦਿੱਤਾ ਗਿਆ ਹੈ। ਹਿੰਦੂ ਆਗੂ 1947 ਤੋਂ ਪਹਿਲਾਂ ਤਾਂ ਕਹਿੰਦੇ ਸਨ ਕਿ "ਦੇਸ਼ ਦੀ ਅਜ਼ਾਦੀ ਤੋਂ ਬਾਅਦ ਕੋਈ ਐਸਾ ਕਨੂੰਨ ਨਹੀਂ ਬਣਾਵਾਂਗੇ ਜੋ ਸਿੱਖਾਂ ਨੂੰ ਨਾ ਮਨਜ਼ੂਰ ਹੋਵੇ।" ਪਰ ਸੱਚ ਤਾਂ ਇਹ ਹੈ ਕਿ 1947 ਤੋਂ ਬਾਅਦ ਸਿੱਖਾਂ ਨੂੰ ਘੇਰਨ, ਮਾਰਨ ਤੇ ਗ਼ੁਲਾਮ ਬਣਾਉਣ ਲਈ ਸਿੱਖ ਵਿਰੋਧੀ ਕਨੂੰਨ ਲਿਆਂਦੇ ਗਏ ਅਤੇ ਭਾਰਤੀ ਸੰਵਿਧਾਨ, ਕਨੂੰਨ ਤੇ ਤਿਰੰਗੇ ਝੰਡੇ ਦੀ ਛਾਂ ਹੇਠ ਸਿੱਖਾਂ ਦੇ ਗੁਰਦੁਆਰੇ ਅਤੇ ਤਖ਼ਤ ਢਾਹੇ ਗਏ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪਾਂ ਨੂੰ ਅੱਗਾਂ ਲੱਗੀਆਂ, ਸਿੱਖਾਂ ਦੇ ਗਲ਼ਾਂ ਵਿੱਚ ਬਲ਼ਦੇ ਟਾਇਰ ਪਾਏ ਗਏ, ਸਿੱਖ ਬੀਬੀਆਂ ਦੀ ਪੱਤ ਲੁੱਟੀ ਗਈ, ਸਿੱਖਾਂ ਦੇ ਝੂਠੇ ਪੁਲਿਸ ਮੁਕਾਬਲੇ ਬਣਾਏ ਗਏ, ਸਿੱਖਾਂ ਦੀ ਨਸਲਕੁਸ਼ੀ ਕੀਤੀ ਗਈ, ਥਾਣਿਆਂ 'ਚ ਸਿੱਖਾਂ ਨੂੰ ਜ਼ਲੀਲ ਕੀਤਾ ਗਿਆ, 'ਅੱਤਵਾਦੀ' ਕਹਿ ਕੇ ਅਨੇਕਾਂ ਸਿੱਖਾਂ ਨੂੰ ਜੇਲ੍ਹਾਂ 'ਚ ਬੰਦ ਕਰ ਦਿੱਤਾ ਗਿਆ ਤੇ ਅੱਜ ਸਜ਼ਾਵਾਂ ਪੂਰੀਆਂ ਕਰਨ ਦੇ ਬਾਵਜੂਦ ਵੀ ਬੰਦੀ ਸਿੰਘਾਂ ਨੂੰ ਰਿਹਾਅ ਨਹੀਂ ਕੀਤਾ ਜਾ ਰਿਹਾ।ਕੇਂਦਰ ਵਿੱਚ ਭਾਜਪਾ ਦੀ ਸਰਕਾਰ ਹੋਣ ਕਾਰਨ ਹਿੰਦੂਤਵ ਤਾਂ ਹੋਰ ਵੀ ਫੁੰਕਾਰੇ ਮਾਰ ਰਿਹਾ ਹੈ ਤੇ ਭਾਰਤ ਨੂੰ 'ਹਿੰਦੂ ਰਾਸ਼ਟਰ' ਵਿੱਚ ਬਦਲਿਆ ਜਾ ਰਿਹਾ ਹੈ। ਕੁਝ ਅਖੌਤੀ ਅਤੇ ਭੇਖੀ ਸਿੱਖ ਵੀ ਹਿੰਦੂ ਕੁਹਾੜੇ ਦਾ ਦਸਤਾ ਬਣ ਕੇ ਆਪਣੀ ਕੌਮ ਦਾ ਨੁਕਸਾਨ ਕਰ ਰਹੇ ਹਨ। ਭਾਜਪਾ 'ਚ ਸ਼ਾਮਲ ਹੋਏ ਸਿੱਖ ਆਗੂਆਂ ਦੇ ਚਿਹਰਿਆਂ ਨੂੰ ਭਾਜਪਾ ਵਰਤ ਰਹੀ ਹੈ।ਜੇ ਸਿੱਖ ਚਿਹਰਿਆਂ ਵਾਲੇ ਇਹਨਾਂ ਕੇਸਾਧਾਰੀ ਹਿੰਦੂਆਂ ਨੂੰ ਰੱਤਾ ਜਿੰਨੀ ਵੀ ਪੰਥ ਅਤੇ ਪੰਜਾਬ ਦੀ ਫ਼ਿਕਰ ਹੁੰਦੀ ਤਾਂ ਇਹ ਕਦੇ ਵੀ ਭਾਜਪਾ ਦਾ ਹਿੱਸਾ ਨਾ ਬਣਦੇ ਸਗੋਂ ਪੰਥਕ ਸਿਆਸਤ ਨੂੰ ਮਜ਼ਬੂਤ ਕਰਦੇ। ਨਰਿੰਦਰ ਮੋਦੀ, ਅਮਿਤ ਸ਼ਾਹ ਤੇ ਅਦਿੱਤਿਆ ਨਾਥ ਯੋਗੀ ਸਿੱਖਾਂ ਨੂੰ ਭਰਮਾ ਤੇ ਵਰਗਲਾ ਰਹੇ ਹਨ ਤੇ ਪੰਜਾਬ ਵਿੱਚ ਭਾਜਪਾ ਦੀ ਸਰਕਾਰ ਬਣਾਉਣ ਲਈ ਅੱਡੀ-ਚੋਟੀ ਦਾ ਜ਼ੋਰ ਲਾਇਆ ਜਾ ਰਿਹਾ ਹੈ। ਪਰ ਦੂਜੇ ਪਾਸੇ ਭਾਜਪਾ ਸਰਕਾਰ ਸਿੱਖਾਂ ਦੇ ਮਸਲੇ ਹੱਲ ਨਹੀਂ ਕਰਨਾ ਚਾਹੁੰਦੀ ਅਤੇ ਨਾ ਹੀ ਉਹ ਖ਼ਾਲਸਾ ਪੰਥ ਅਤੇ ਪੰਜਾਬ ਨੂੰ ਖੁਸ਼ਹਾਲ ਵੇਖਣਾ ਚਾਹੁੰਦੀ ਹੈ।ਭਾਜਪਾਈ ਆਗੂਆਂ ਦੇ ਮਨਾਂ ਵਿੱਚ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਲਈ ਕੋਈ ਸਤਿਕਾਰ ਨਹੀਂ, ਜੇ ਸਤਿਕਾਰ ਹੁੰਦਾ ਤਾਂ ਉਹ ਕਦੇ ਵੀ ਬੇਅਦਬੀਆਂ ਦੇ ਮੁੱਖ ਦੋਸ਼ੀ ਡੇਰਾ ਸਿਰਸਾ ਮੁਖੀ ਰਾਮ ਰਹੀਮ ਨੂੰ ਵਾਰ-ਵਾਰ ਪੈਰੋਲ ਨਾ ਦਿੰਦੇ, ਬੇਅਦਬੀਆਂ ਦੇ ਕੇਸ ਨਾ ਲਮਕਾਉਂਦੇ, ਸਿੱਖਾਂ ਦੇ ਕਕਾਰਾਂ 'ਤੇ ਪਾਬੰਦੀਆਂ ਨਾ ਲਾਉਂਦੇ, ਰਾਸ਼ਟਰੀ ਮੀਡੀਆ ਰਾਹੀਂ ਸਿੱਖਾਂ ਦੀ ਛਵੀ ਨਾ ਖ਼ਰਾਬ ਕਰਦੇ। ਪਰ ਭਾਜਪਾ ਤਾਂ ਆਪਣਾ ਰੰਗ ਵਿਖਾ ਰਹੀ ਹੈ ਤੇ ਸਿੱਖਾਂ ਨੂੰ ਹਰ ਦਿਨ ਗੁਲਾਮੀ ਦਾ ਅਹਿਸਾਸ ਕਰਵਾ ਰਹੀ ਹੈ।ਸਿੱਖਾਂ ਵਿਰੁੱਧ ਬਿਰਤਾਂਤ ਘੜਨ ਅਤੇ ਸਥਾਪਿਤ ਕਰਨ ਲਈ ਭਾਜਪਾ, ਆਰ.ਐੱਸ.ਐੱਸ. ਅਤੇ ਹੋਰ ਭਾਰਤੀ/ਹਿੰਦੂਤਵੀ ਹਾਕਮ ਪੂਰੀ ਤਨਦੇਹੀ ਨਾਲ ਕੰਮ ਕਰ ਰਹੇ ਹਨ ਤੇ ਉਹ ਹਿੰਦੂ ਜਾਲ਼ ਸੁੱਟ ਕੇ ਸਿੱਖਾਂ ਨੂੰ ਕਾਬੂ ਕਰਨਾ ਚਾਹੁੰਦੇ ਹਨ, ਸਿੱਖਾਂ ਨੂੰ ਨਿਗਲ ਲੈਣਾ ਚਾਹੁੰਦੇ ਹਨ। ਇਹ ਹਿੰਦੂਤਵ ਦੀ ਅਕ੍ਰਿਤਘਣਤਾ, ਬੇਈਮਾਨੀ ਅਤੇ ਮੱਕਾਰੀ ਹੈ। ਸਿੱਖਾਂ ਨੂੰ ਹਰ ਪਲ ਜਾਗਣ ਦੀ ਲੋੜ ਹੈ। ਜੇ ਸਿੱਖ ਅਵੇਸਲੇ ਹੋ ਗਏ ਤਾਂ ਬੁੱਧ ਅਤੇ ਜੈਨ ਧਰਮ ਵਾਂਗ ਸਿੱਖ ਧਰਮ ਨੂੰ ਵੀ ਹਿੰਦੂਤਵ ਆਪਣੇ ਵਿੱਚ ਜਜ਼ਬ ਕਰ ਲਵੇਗਾ। ਆਰ.ਐੱਸ.ਐੱਸ. ਦੇ ਸੌ ਸਾਲ ਪੂਰੇ ਹੋਣ ਵਾਲੇ ਹਨ, ਉਸ ਦਾ ਏਜੰਡਾ ਸਿੱਖੀ ਦਾ ਖ਼ਾਤਮਾ ਹੈ।ਚਿੰਤਾ ਵਾਲ਼ੀ ਗੱਲ ਇਹ ਹੈ ਕਿ ਸ਼੍ਰੋਮਣੀ ਅਕਾਲੀ ਦਲ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਕੌਮ ਦੀਆਂ ਕਈ ਹੋਰ ਸੰਪਰਦਾਵਾਂ ਤੇ ਸੰਸਥਾਵਾਂ ਬਾਦਲ ਪਿਓ-ਪੁੱਤ ਦੀ ਪੰਥ ਅਤੇ ਪੰਜਾਬ ਨਾਲ਼ ਕੀਤੀ ਗ਼ੱਦਾਰੀ ਕਾਰਨ ਆਰ.ਐੱਸ.ਐੱਸ. ਤੇ ਹਿੰਦੂਤਵ ਦਾ ਸ਼ਿਕਾਰ ਹੋ ਚੁੱਕੀਆਂ ਹਨ। ਸ਼੍ਰੋਮਣੀ ਕਮੇਟੀ, ਦਿੱਲੀ ਕਮੇਟੀ, ਹਰਿਆਣਾ ਕਮੇਟੀ, ਤਖ਼ਤ ਸ੍ਰੀ ਪਟਨਾ ਸਾਹਿਬ ਕਮੇਟੀ, ਤਖਤ ਸ੍ਰੀ ਹਜ਼ੂਰ ਸਾਹਿਬ ਬੋਰਡ ਤੇ ਸਾਡੀਆਂ ਹੋਰ ਮਾਣਮੱਤੀ ਸੰਸਥਾਵਾਂ 'ਤੇ ਭਗਵਾਂਧਾਰੀ ਲੋਕ ਸਿੱਧੇ ਤੇ ਅਸਿੱਧੇ ਰੂਪ 'ਚ ਕਾਬਜ਼ ਹੋ ਚੁੱਕੇ ਹਨ। ਸਾਡੇ ਤਖ਼ਤਾਂ ਦੇ ਜਥੇਦਾਰ ਵੀ ਬਾਦਲ ਪਰਿਵਾਰ ਦੀ ਬੋਲੀ ਬੋਲਦੇ ਹਨ ਤੇ ਉਹ ਕੌਮ ਨੂੰ ਹਿੰਦੂਤਵ ਦੇ ਹਮਲਿਆਂ ਤੋਂ ਬਚਾਉਣ ਲਈ ਆਪਣਾ ਫ਼ਰਜ ਨਿਭਾਉਣ ਨੂੰ ਬਿਲਕੁਲ ਵੀ ਤਿਆਰ ਨਹੀਂ ਹਨ। ਡੇਰਾਵਾਦ ਵੀ ਸਿੱਖ ਪੰਥ ਨੂੰ ਕਮਜ਼ੋਰ ਕਰਨ 'ਤੇ ਤੁਲਿਆ ਹੋਇਆ ਹੈ ਤੇ ਪੰਥ ਉੱਤੇ ਚਾਰੇ ਪਾਸਿਓਂ ਹਮਲੇ ਹੋ ਰਹੇ ਹਨ।ਇਤਿਹਾਸ ਗਵਾਹ ਹੈ ਕਿ ਪੰਜਵੇਂ ਪਾਤਸ਼ਾਹ ਨੂੰ ਸ਼ਹੀਦ ਕਰਵਾਉਣ 'ਚ 'ਚੰਦੂ ਬ੍ਰਾਹਮਣ' ਨੇ ਅਹਿਮ ਰੋਲ ਨਿਭਾਇਆ ਤੇ ਦਸਵੇਂ ਪਾਤਸ਼ਾਹ ਵਿਰੁੱਧ 'ਪਹਾੜੀ ਹਿੰਦੂ ਰਾਜੇ' ਜੰਗਾਂ ਕਰਦੇ ਰਹੇ। ਛੋਟੇ ਸਾਹਿਬਜ਼ਾਦਿਆਂ ਨੂੰ ਗ੍ਰਿਫ਼ਤਾਰ ਕਰਵਾਉਣ ਲਈ 'ਗੰਗੂ ਬ੍ਰਾਹਮਣ' ਨੇ ਅਤੇ ਨੀਂਹਾਂ 'ਚ ਚਿਣਵਾਉਣ ਲਈ 'ਸੁੱਚਾ ਨੰਦ' ਨੇ ਪਾਪ ਕਮਾਇਆ। ਅਠਾਰ੍ਹਵੀਂ ਸਦੀ ਦੇ ਸਿੰਘਾਂ ਦੀਆਂ ਮੁਗ਼ਲ ਹਕੂਮਤ ਤੋਂ ਮੁਖਬਰੀਆਂ ਕਰਨ ਵਾਲ਼ੇ ਵੀ ਬ੍ਰਾਹਮਣ ਚੌਧਰੀ ਸਨ।ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਵੱਲੋਂ ਸਿਰਜੇ ਵਿਸ਼ਾਲ ਸਿੱਖ ਰਾਜ ਨੂੰ ਵੀ 'ਬ੍ਰਾਹਮਣ-ਡੋਗਰਿਆਂ' ਨੇ ਗੋਰਿਆਂ ਦਾ ਗ਼ੁਲਾਮ ਬਣਾ ਦਿੱਤਾ। ਸਿੱਖਾਂ ਨੇ ਆਪਣੇ ਖੁੱਸੇ ਰਾਜ-ਭਾਗ ਦੀ ਮੁੜ ਬਹਾਲੀ ਲਈ ਕਈ ਕੁਰਬਾਨੀਆਂ ਤੇ ਸ਼ਹਾਦਤਾਂ ਦਿੱਤੀਆਂ ਪਰ ਬ੍ਰਾਹਮਣਵਾਦੀ/ਹਿੰਦੂਤਵੀ ਆਗੂਆਂ ਨੇ ਸਿੱਖ ਆਗੂਆਂ ਨੂੰ ਧੋਖੇ 'ਚ ਰੱਖ ਕੇ ਉਹਨਾਂ ਨੂੰ ਆਪਣੇ ਵੱਖਰੇ ਰਾਜ-ਭਾਗ ਤੋਂ ਵਾਂਝੇ ਕਰ ਦਿੱਤਾ ਜਿਸ ਕਰਕੇ ਵਾਰ-ਵਾਰ ਸਾਨੂੰ ਖੁਆਰੀ ਝੱਲਣੀ ਪੈ ਰਹੀ ਹੈ। ਜੇਕਰ ਸਿੱਖਾਂ ਕੋਲ ਆਪਣਾ ਅਜ਼ਾਦ ਮੁਲਕ ਹੋਏਗਾ ਤਾਂ ਸਿੱਖ ਅਤੇ ਸਿੱਖੀ ਸਿਧਾਂਤ ਸੁਰੱਖਿਅਤ ਰਹਿਣਗੇ। ਇਸ ਦੇ ਨਾਲ਼ ਹੀ ਸਾਨੂੰ ਅਜੋਕੇ ਸਮੇਂ ਵਿੱਚ ਹਿੰਦੂਤਵੀ ਬਿਰਤਾਂਤਾਂ ਦਾ ਖ਼ਾਲਸਈ ਸੁਰ ਵਿੱਚ ਜਵਾਬ ਦੇਣਾ ਪਵੇਗਾ ਤੇ ਦੁਸ਼ਮਣ ਦੇ ਹਰ ਹਮਲੇ ਦਾ ਜਵਾਬ ਵੀ ਗੁਰਬਾਣੀ, ਇਤਿਹਾਸ, ਸਿਧਾਂਤ ਤੇ ਖ਼ਾਲਸਾਈ ਪ੍ਰੰਪਰਾਵਾਂ ਦੀ ਰੌਸ਼ਨੀ ਵਿੱਚ ਦੇਣਾ ਜ਼ਰੂਰੀ ਹੈ। ਜਿਹੜੀ ਵੀ ਧਿਰ ਜਾਂ ਆਗੂ ਗੁਰੂ ਕੇ ਖ਼ਾਲਸੇ ਨੂੰ ਬ੍ਰਾਹਮਣਵਾਦ, ਸਨਾਤਨਵਾਦ ਜਾਂ ਹਿੰਦੂਵਾਦ ਵਿੱਚ ਰੰਗਣ ਦੀ ਕੋਸ਼ਿਸ਼ ਕਰੇਗਾ, ਉਸ ਨੂੰ ਸਿੱਖਾਂ ਦੇ ਰੋਹ ਦਾ ਸ਼ਿਕਾਰ ਹੋਣਾ ਹੀ ਪਵੇਗਾ। ਖ਼ਾਲਸਾ ਸਿਰਫ਼ ਗੁਰਮਤਿ ਦਾ ਧਾਰਨੀ ਹੈ। ਸਿੱਖਾਂ ਨੂੰ ਗੁੰਮਰਾਹ ਕਰਨ ਵਾਲਿਆਂ ਨੂੰ ਅਸੀਂ ਕਹਿਣਾ ਚਾਹੁੰਦੇ ਹਾਂ ਕਿ ਕੋਈ ਵੀ ਵਿਚਾਰਧਾਰਾ, ਫ਼ਲਸਫ਼ਾ, ਉਪਦੇਸ਼ ਜਾਂ ਬਿਰਤਾਂਤ ਸਿੱਖੀ ਅਤੇ ਸਿੱਖਾਂ ਉੱਤੇ ਭਾਰੂ ਨਹੀਂ ਪੈ ਸਕਦਾ, ਤੁਹਾਡਾ ਘੜਿਆ ਹੋਇਆ ਬਿਰਤਾਂਤ ਚਾਹੇ ਕਿੰਨਾ ਵੀ ਚੰਗਾ ਜਾਂ ਚਲਾਕੀ ਭਰਿਆ ਹੋਵੇ ਪਰ ਉਹ ਗੁਰਮਤਿ ਸਿਧਾਂਤ, ਖ਼ਾਲਸਾਈ ਮਰਯਾਦਾ ਤੇ ਸਿੱਖੀ ਵਿਚਾਰਧਾਰਾ ਦੇ ਸਮਾਨ ਅਤੇ ਉੱਚਾ ਨਹੀਂ ਹੈ। ਸਿੱਖ ਕੌਮ ਲਈ ਸਿਰਫ਼ ਗੁਰਮਤਿ ਹੀ ਮਾਰਗ-ਦਰਸ਼ਕ ਹੈ ਜੋ ਸਾਨੂੰ ਦਸ ਗੁਰੂ ਸਾਹਿਬਾਨਾਂ ਨੇ ਬਖ਼ਸ਼ਿਸ਼ ਕੀਤੀ ਹੈ।



**- ਰਣਜੀਤ ਸਿੰਘ**
**ਦਮਦਮੀ ਟਕਸਾਲ**
**(ਪ੍ਰਧਾਨ ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ)**
ਮੋ : 8872293883

ਆਵਾਜ਼ਿ ਕੌਮ AWAZE QAUM International Newspaper & WEB TV

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

## ਗੁਰਦੁਆਰਾ ਪਰਉਪਕਾਰੀ ਭਾਈ ਲੱਧਾ ਜੀ ਪਿੰਡ ਵੱਲੀਆ ਫਿਰੋਜ਼ਪੁਰ ਵਿਖੇ

# ਸਲਾਨਾ ਗੁਰਮਤਿ ਸਮਾਗਮ ਕਰਵਾਇਆ ਗਿਆ














(ਹੋਰ ਤਸਵੀਰਾਂ ਅਗਲੇ ਪੰਨਿਆਂ 'ਤੇ)

**ਫਿਰੋਜ਼ਪੁਰ, 6 ਦਸੰਬਰ (ਆਵਾਜਿ ਕੌਮ ਬਿਊਰੋ ਰਿਪੋਰਟ ਗੁਰਪ੍ਰੀਤ ਸਿੰਘ)** - ਪਰਉਪਕਾਰੀ ਭਾਈ ਲੱਧਾ ਜੀ ਦੀ ਯਾਦ ਵਿੱਚ ਅਤੇ ਬ੍ਰਹਮ ਗਿਆਨੀ ਬਾਪੂ ਖੁਸਾ ਸਿੰਘ ਜੀ ਦੀ ਸਲਾਨਾ ਬਰਸੀ, ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਮਹਾਰਾਜ ਜੀ ਦੇ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਪਿੰਡ ਵੱਲੀਆ ਫਿਰੋਜ਼ਪੁਰ ਵਿਖੇ ਸਲਾਨਾ ਗੁਰਮਤਿ ਸਮਾਗਮ ਕਰਵਾਇਆ ਗਿਆ, ਅੰਮ੍ਰਿਤ ਵੇਲੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ ਉਪਰੰਤ ਖੁੱਲੇ ਪੰਡਾਲਾ ਵਿਚ ਕੀਰਤਨ ਦਰਬਾਰ ਸਜਾਇਆ ਗਿਆ, ਇਹਨਾਂ ਸਮਾਗਮਾਂ ਵਿੱਚ ਵੱਖ ਵੱਖ ਇਲਾਕੇ ਦੀਆਂ ਪੰਥਕ ਸ਼ਖਸ਼ੀਅਤਾਂ ਅਤੇ ਰਾਜਨੀਤਕ ਆਗੂਆਂ ਨੇ ਹਾਜ਼ਰੀ ਭਰੀ। ਸੰਗਤਾਂ ਨੂੰ ਕਥਾ ਅਤੇ ਕਵੀਸ਼ਰੀ ਦੁਆਰਾ ਵੱਖ ਵੱਖ ਜੱਥਿਆਂ ਨੇ ਗੁਰੂ ਚਰਨਾਂ ਨਾਲ ਜੋੜਿਆ। ਸਮਾਪਤੀ ਉਪਰੰਤ ਮੁੱਖ ਸੇਵਾਦਾਰ ਬਾਬਾ ਸਤਨਾਮ ਸਿੰਘ ਵੱਲੀਆ, ਪੰਜਾਬ ਪ੍ਰਧਾਨ ਇੰਟਰਨੈਸ਼ਨਲ ਪੰਥਕ ਦਲ ਵੱਲੋਂ ਸਮੂਹ ਮਹਾਂਪੁਰਖਾਂ ਅਤੇ ਜੱਥਿਆਂ ਦਾ ਸਨਮਾਨਿਤ ਕੀਤਾ ਗਿਆ। ਸਰਬੱਤ ਦੇ ਭਲੇ ਲਈ ਅਰਦਾਸ ਬੇਨਤੀ ਕੀਤੀ ਗਈ ਅਤੇ ਗੁਰੂ ਦੇ ਲੰਗਰ ਅਤੁੱਟ ਵਰਤਾਏ ਗਏ। ••

ਆਵਾਜ਼ਿ ਕੌਮ
AWAZE QAUM
International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

### ਗੁਰਦੁਆਰਾ ਪਰਉਪਕਾਰੀ ਭਾਈ ਲੱਧਾ ਜੀ ਪਿੰਡ ਵੱਲੀਆ ਫਿਰੋਜ਼ਪੁਰ ਵਿਖੇ

# ਸਲਾਨਾ ਗੁਰਮਤਿ ਸਮਾਗਮ ਕਰਵਾਇਆ ਗਿਆ




ਆਵਾਜ਼ਿ ਕੌਮ
AWAZE QAUM
International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

# ਸੰਤ ਗਿਆਨੀ ਗੁਰਬਚਨ ਸਿੰਘ ਜੀ

# ਖ਼ਾਲਸਾ ਮੈਮੋਰੀਅਲ ਹਸਪਤਾਲ



ਇੱਥੇ ਹਰ ਸ਼ਨੀਵਾਰ ਅੱਖਾਂ ਦੇ ਫ੍ਰੀ ਆਪ੍ਰੇਸ਼ਨ ਕੀਤੇ ਜਾਂਦੇ ਹਨ।

+91 98767-50784 +91 98767-50784

ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਭਿੰਡਰਾਂਵਾਲੇ
ਮੁਖੀ ਦਮਦਮੀ ਟਕਸਾਲ, ਪ੍ਰਧਾਨ ਸੰਤ ਸਮਾਜ

ਮਹਿਤਾ ਚੌਕ, ਅੰਮ੍ਰਿਤਸਰ

ਆਵਾਜ਼ਿ ਕੌਮ AWAZE QAUM International Newspaper & WEB TV


## ਸਾਹਿਬ ਸ਼੍ਰੀ ਗੁਰੂ ਗੋਬਿੰਦ ਸਿੰਘ ਸੀ ਸੈ ਸਕੂਲ ਅਤੇ ਸਾਹਿਬ ਸ਼੍ਰੀ ਗੁਰੂ ਗੋਬਿੰਦ ਸਿੰਘ ਇੰਟਰਨੈਸ਼ਨਲ ਸਕੂਲ, ਚੁੰਘ ਵਿੱਚ

# ਅੱਜ ਸਲਾਨਾ ਸਮਾਗਮ ਸਮਾਰੋਹ ਦਾ ਆਯੋਜਨ ਕੀਤਾ ਗਿਆ



**ਚੌਕ ਮਹਿਤਾ, 6 ਦਸੰਬਰ ( ਬਾਬਾ ਸੁਖਵੰਤ ਸਿੰਘ ਚੰਨਣਕੇ )**-ਇਲਾਕੇ ਦੇ ਨਾਮਵਰ ਪੁਰਾਣੇ ਅਤੇ ਮਸ਼ਹੂਰ ਸਕੂਲ ਸਾਹਿਬ ਸ਼੍ਰੀ ਗੁਰੂ ਗੋਬਿੰਦ ਸਿੰਘ ਸੀਨੀਅਰ ਸੈਕੰਡਰੀ ਸਕੂਲ ਅਤੇ ਇੰਟਰਨੈਸਨਲ ਸਕੂਲ ਚੁੰਗ ਵਿਖੇ ਸਮਾਰੋਹ ਦੀ ਸ਼ੁਰੂਆਤ ਸ਼ਬਦ ਕੀਰਤਨ ਗਾਇਨ ਤੋਂ ਕੀਤੀ ਗਈ। ਇਸ ਸਮਾਰੋਹ ਵਿੱਚ ਬਤੌਰ ਮੁੱਖ ਮਹਿਮਾਨ ਵੱਜੋਂ ਡੀ ਐੱਸ ਪੀ ਮਜੀਠਾ ਧਰਮਿੰਦਰ ਕਲਿਆਣ ਨੇ ਸ਼ਿਰਕਤ ਕੀਤੀ। ਓਹਨਾ ਨੇ ਵਿਦਿਆਰਥੀਆਂ ਨੂੰ ਨਸ਼ਿਆਂ ਵਿਰੁੱਧ ਜਾਗਰੂਕ ਕੀਤਾ। ਓਹਨਾ ਨੇ ਵਿਦਿਆਰਥੀਆਂ ਨੂੰ ਆਪਣੀ ਜ਼ਿੰਦਗੀ ਵਿੱਚ ਕੁਝ ਕਰਕੇ ਦਿਖਾਉਣ ਅਤੇ ਕੁਝ ਬਣਨ ਦੀ ਸਿੱਖਿਆ ਦਿੱਤੀ। ਓਹਨਾ ਵੱਲੋਂ ਸਲਾਨਾ ਸਮਾਗਮ ਵਿੱਚ ਹਿੱਸਾ ਲੈਣ ਵਾਲੇ ਵਿਦਿਆਰਥੀਆਂ ਦੀ ਸਰਾਹਣਾ ਕੀਤੀ ਗਈ। ਚੇਅਰਮੈਨ ਰਘਬੀਰ ਸਿੰਘ ਸੋਹਲ ਨੇ ਸਕੂਲ ਆਉਣ ਤੇ ਓਹਨਾ ਦਾ ਧੰਨਵਾਦ ਕੀਤਾ ਅਤੇ ਸਨਮਾਨ ਚਿੰਨ੍ਹ ਭੇਂਟ ਕੀਤਾ। ਵਿਸ਼ੇਸ਼ ਮਹਿਮਾਨ ਵੱਜੋਂ ਗੁਰਦੀਪ ਸਿੰਘ ਪ੍ਰਿੰਸੀਪਲ ਖਾਲਸਾ ਕਾਲਜ ਮਹਿਤਾ, ਐਡਵੋਕੇਟ ਹਰਜੋਤ ਸਿੰਘ ਮਾਨ, ਗੁਰਬੀਰ ਕੌਰ ਰੰਧਾਵਾ ਪ੍ਰਿੰਸੀਪਲ ਦਸ਼ਮੇਸ਼ ਵਿਦਿਅਕ ਸੰਸਥਾਵਾਂ, ਸੰਤੋਖ ਸਿੰਘ ਭੋਮਾਂ ਚੇਅਰਮੈਨ ਐਨ ਈ ਐੱਸ ਅਕੈਡਮੀ, ਸ਼ੇਲਿੰਦਰਜੀਤ ਸਿੰਘ ਰਾਜਨ, ਮੁਖਤਾਰ ਸਿੰਘ ਗਿੱਲ, ਦਵਿੰਦਰ ਕੁਮਾਰ ਮੈਨੇਜਰ ਪੰਜਾਬ ਐਂਡ ਸਿੰਧ ਬੈਂਕ, ਦਵਿੰਦਰ ਦੀਦਾਰ, ਮੱਖਣ ਸਿੰਘ ਭੈਣੀਵਾਲਾ, ਮਨਦੀਪ ਕੌਰ ਸੋਹਲ ਨੇ ਹਾਜ਼ਰੀ ਭਰੀ। ਸਕੂਲ ਮੈਨੇਜਮੈਂਟ ਨੇ ਆਏ ਹੋਏ ਸਾਰੇ ਹੀ ਮਹਿਮਾਨਾਂ ਨੂੰ ਜੀ ਆਇਆ ਨੂੰ ਕਿਹਾ ਅਤੇ ਸਨਮਾਨ ਚਿੰਨ੍ਹ ਭੇਂਟ ਕੀਤੇ। ਇਸ ਮੌਕੇ ਸਮੂਹ ਸਕੂਲ ਮੈਨੇਜਮੈਂਟ, ਸਟਾਫ ਮੈਂਬਰ ਅਤੇ ਵਿਦਿਆਰਥੀ ਹਾਜ਼ਿਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

# ਸਿੱਖਾਂ ਦੇ ਕਾਤਲ ਬਲਵਾਨ ਖੋਖਰ ਨੂੰ ਦਿੱਲੀ ਹਾਈਕੋਰਟ ਵੱਲੋਂ ਦਿੱਤੀ ਗਈ 21 ਦਿਨ ਦੀ ਫਰਲੋ



ਨਵੀਂ ਦਿੱਲੀ 6 ਦਸੰਬਰ (ਮਨਪ੍ਰੀਤ ਸਿੰਘ ਖਾਲਸਾ):–ਦਿੱਲੀ ਹਾਈਕੋਰਟ ਵੱਲੋਂ 1984 ਸਿੱਖ ਵਿਰੋਧੀ ਦੰਗਿਆਂ ਦੇ ਮਾਮਲੇ ਵਿਚ ਉਮਰਭਰ ਦੀ ਕੈਦ ਦੀ ਕੱਟ ਰਹੇ ਬਲਵਾਨ ਖ਼ੋਖਰ ਨੂੰ 21 ਦਿਨਾਂ ਦੀ ਫਰਲੋ ਦਿੱਤੀ ਗਈ ਹੈ । ਉਹ ਪਿਛਲੇ 11 ਸਾਲ 10 ਮਹੀਨੇ ਤੋਂ ਹਿਰਾਸਤ ਵਿਚ ਹੈ । ਉਨ੍ਹਾਂ ਨੂੰ ਇਹ ਫਰਲੋ ਆਪਣੇ ਸਮਾਜਿਕ ਸਬੰਧਾਂ ਨੂੰ ਮਜ਼ਬੂਤ ਕਰਨ ਦੇ ਲਈ ਪ੍ਰਦਾਨ ਕੀਤੀ ਗਈ ਹੈ । ਜਸਟਿਸ ਰਵਿੰਦਰ ਡੁਡੇਜਾ ਵੱਲੋਂ ਬਲਵਾਨ ਖ਼ੋਖਰ ਨੂੰ 20 ਹਜ਼ਾਰ ਰੁਪਏ ਦੇ ਜ਼ਮਾਨਤੀ ਬਾਂਡ ਅਤੇ ਇੰਨੀ ਹੀ ਜ਼ਮਾਨਤ ਰਾਸ਼ੀ ਜਮ੍ਹਾਂ ਕਰਨ ਦੀ ਸ਼ਰਤ 'ਤੇ ਇਹ ਫਰਲੋ ਦਿੱਤੀ ਗਈ ਹੈ। ਹਾਈਕੋਰਟ ਨੇ ਬਲਵਾਨ ਖ਼ੋਖਰ ਨੂੰ ਫਰਲੋ ਦੇਣ 'ਤੇ ਕੁੱਝ ਸ਼ਰਤਾਂ ਵੀ ਲਗਾਈਆਂ, ਜਿਨ੍ਹਾਂ ਵਿਚ ਉਹ ਬਿਨਾਂ ਪਹਿਲਾਂ ਸੂਚਨਾ ਦਿੱਤੇ ਦਿੱਲੀ ਕੈਂਟ ਪੁਲਿਸ ਸਟੇਸ਼ਨ ਦੇ ਅਧਿਕਾਰ ਖੇਤਰ ਨੂੰ ਨਹੀਂ ਛੱਡਣਗੇ ਅਤੇ ਹਰੇਕ ਮੰਗਲਵਾਰ ਨੂੰ ਸਵੇਰੇ 10 ਵਜੇ ਪੁਲਿਸ ਸਟੇਸ਼ਨ ਵਿਚ ਆਪਣੀ ਹਾਜ਼ਰੀ ਦਰਜ ਕਰਵਾਉਣਗੇ। ਫਰਲੋ ਨੂੰ ਮਨਜ਼ੂਰ ਕਰਦਿਆਂ ਅਦਾਲਤੀ ਬੈਂਚ ਨੇ ਆਖਿਆ ਕਿ ਫਰਲੋ ਸੁਧਾਰ ਦਾ ਇਕ ਸਥਾਪਿਤ ਪਹਿਲੂ ਹੈ, ਜਿਸ ਦੀ ਉਦੇਸ਼ ਅਪਰਾਧੀ ਨੂੰ ਪਰਿਵਾਰਕ ਅਤੇ ਸਮਾਜਿਕ ਸਬੰਧ ਬਣਾਏ ਰੱਖਣ ਵਿਚ ਸਮਰੱਥ ਬਣਾਉਣਾ ਹੈ । ਜਸਟਿਸ ਡੁਡੇਜਾ ਨੇ ਆਖਿਆ ਕਿ ਅਦਾਲਤ ਇਸ ਤੱਥ ਤੋਂ ਜਾਣੂ ਹੈ ਕਿ ਅਰਜ਼ੀ ਕਰਤਾ ਵੱਲੋਂ ਕੀਤਾ ਗਿਆ ਅਪਰਾਧ ਬੇਹੱਦ ਗੰਭੀਰ ਹੈ ਪਰ ਉਸ ਨੂੰ ਫਰਲੋ ਦੇਣ ਤੋਂ ਇਨਕਾਰ ਕਰਨਾ ਨਿਯਮਾਂ ਦੀ ਅਣਵਰਤੋਂ ਹੋਵੇਗੀ, ਜਿਸ ਨਾਲ 'ਫਰਲੋ ਨਿਆਂ ਸਾਸ਼ਤਰ' ਦਾ ਮੂਲ ਉਦੇਸ਼ ਨੂੰ ਹੀ ਖ਼ਤਮ ਹੋ ਜਾਵੇਗਾ। ਹਾਈਕੋਰਟ ਨੇ ਇਹ ਵੀ ਆਖਿਆ ਕਿ ਅਰਜ਼ੀਕਰਤਾ ਲਗਭਗ 11 ਸਾਲ 10 ਮਹੀਨੇ ਤੋਂ ਨਿਆਂਇਕ ਹਿਰਾਸਤ ਵਿਚ ਹੈ । ਨੌਮੀਨਲ ਰੋਲ ਦੇ ਅਨੁਸਾਰ ਜੇਲ੍ਹ ਵਿਚ ਉਸ ਦਾ ਆਚਰਣ ਸੰਤੁਸ਼ਟੀਜਨਕ ਰਿਹਾ ਹੈ। ਉਧਰ ਵਕੀਲ ਵੱਲੋਂ ਵੀ ਇਹ ਦਲੀਲ ਦਿੱਤੀ ਗਈ ਕਿ ਉਹ ਓਪੀਡੀ ਵਿਚ ਸਹਾਇਕ ਦੇ ਤੌਰ 'ਤੇ ਕੰਮ ਕਰ ਰਿਹਾ ਹੈ । ਇਸ ਤੋਂ ਇਹ ਪਤਾ ਚਲਦਾ ਹੈ ਕਿ ਅਰਜ਼ੀਕਰਤਾ ਨੂੰ ਪਹਿਲਾਂ ਵੀ ਕਈ ਵਾਰ ਅਗਾਊਂ ਜ਼ਮਾਨਤ, ਪੈਰੋਲ ਅਤੇ ਫਰਲੋ 'ਤੇ ਰਿਹਾਅ ਕੀਤਾ ਜਾ ਚੁੱਕਿਆ ਹੈ ਅਤੇ ਉਸ ਨੇ ਸਾਰੇ ਨਿਯਮਾਂ ਦੀ ਪਾਲਣਾ ਕਰਦਿਆਂ ਹਰ ਵਾਰ ਆਤਮ ਸਮਰਪਣ ਕੀਤਾ ਹੈ, ਅਦਾਲਤ ਵੱਲੋਂ ਦਿੱਤੀ ਗਈ ਆਜ਼ਾਦੀ ਦੀ ਦੁਰਵਰਤੋਂ ਨਹੀਂ ਕੀਤੀ। ਦਰਅਸਲ ਦਿੱਲੀ ਸਰਕਾਰ ਨੇ ਬਲਵਾਨ ਖੋਖਰ ਦੀ ਅਰਜ਼ੀ ਖ਼ਾਰਜ ਕਰ ਦਿੱਤੀ ਸੀ, ਜਿਸ ਤੋਂ ਬਾਅਦ ਉਨ੍ਹਾਂ ਨੇ ਇਸ ਆਦੇਸ਼ ਨੂੰ ਹਾਈਕੋਰਟ ਵਿਚ ਚੁਣੌਤੀ ਦਿੱਤੀ ਸੀ। ਖੋਖਰ ਨੇ ਆਪਣੇ ਵਕੀਲ ਉਦੈ ਚੌਹਾਨ ਜ਼ਰੀਏ ਇਹ ਅਰਜ਼ੀ ਦਾਇਰ ਕੀਤੀ ਸੀ, ਜਿਸ ਵਿਚ ਕਿਹਾ ਗਿਆ ਕਿ ਅਰਜ਼ੀਕਰਤਾ ਇਕ ਅਪਰਾਧੀ ਹੈ ਅਤੇ ਉਸ ਨੂੰ ਉਮਰ ਭਰ ਲਈ ਕੈਦ ਦੀ ਸਜ਼ਾ ਸੁਣਾਈ ਗਈ ਹੈ । ਅਰਜ਼ੀ ਵਿਚ ਅੱਗੇ ਲਿਖਿਆ ਗਿਆ ਕਿ ਅਰਜ਼ੀਕਰਤਾ 2013 ਤੋਂ ਹਿਰਾਸਤ ਵਿਚ ਹੈ । ਉਸ ਨੂੰ ਸਮਾਜ ਅਤੇ ਪਰਿਵਾਰ ਦੇ ਮੈਂਬਰਾਂ ਨਾਲ ਸਮਾਜਿਕ ਸਬੰਧ ਫਿਰ ਤੋਂ ਸਥਾਪਿਤ ਕਰਨ ਲਈ 21 ਦਿਨ ਦੀ ਫਰਲੋ ਦਿੱਤੀ ਜਾਵੇ, ਜਿਸ ਤੋਂ ਬਾਅਦ ਅਦਾਲਤ ਨੇ ਇਸ ਅਰਜ਼ੀ ਨੂੰ ਮਨਜ਼ੂਰ ਕਰ ਲਿਆ, ਪਰ ਉਧਰ ਸਿੱਖ ਜਥੇਬੰਦੀਆਂ ਵੱਲੋਂ ਇਸ ਫਰਲੋ ਦਾ ਸਖ਼ਤ ਵਿਰੋਧ ਕੀਤਾ ਜਾ ਰਿਹੈ, ਉਨ੍ਹਾਂ ਦਾ ਕਹਿਣਾ ਹੈ ਕਿ ਲੰਬੇ ਸਮੇਂ ਤੋਂ ਜੇਲ੍ਹਾਂ ਵਿਚ ਬੰਦ ਸਿੰਘਾਂ ਨੂੰ ਕੋਈ ਫਰਲੋ ਜਾਂ ਪੈਰੋਲ ਨਹੀਂ ਦਿੱਤੀ ਜਾ ਰਹੀ, ਜਦਕਿ ਸਿੱਖਾਂ ਦੇ ਕਾਤਲਾਂ ਨੂੰ ਵਾਰ-ਵਾਰ ਫਰਲੋ ਅਤੇ ਪੈਰੋਲ ਦਿੱਤੀ ਜਾ ਰਹੀ ਹੈ ।

ਆਵਾਜ਼ਿ ਕੌਮ AWAZE QAUM International Newspaper & WEB TV


ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

ਆਵਾਜ਼ਿ ਕੌਮ

ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :

+447458381111 +447976210161 +919729091243

### ਉਘੇ ਸਮਾਜ ਸੇਵੀ, ਸੰਸਥਾ ਪਠਲਾਵਾ ਦੇ ਬਾਨੀ ਸਰਪ੍ਰਸਤ

# ਸ ਮਹਿੰਦਰ ਸਿੰਘ ਵਾਰੀਆ ਜੀ ਪੰਦਰਵੀਂ ਬਰਸੀ ਤੇ ਵਿਸ਼ੇਸ਼



ਕੁਝ ਇਨਸਾਨ ਭਾਵੇਂ ਜਨਮ ਤੋਂ ਆਮ ਹੁੰਦੇ ਹਨ ਪਰ ਕਰਮ ਤੋਂ ਉਹ ਵਿਅਕਤੀ ਆਪਣੀ ਪਛਾਣ ਦੇ ਖੁਦ ਹੀ ਮੁਹਤਾਜ ਬਣ ਕੇ ਸਮਾਜ ਲਈ ਚਾਨਣ ਮੁਨਾਰਾ ਬਣ ਜਾਂਦੇ ਹਨ ਅਜਿਹੀ ਹੀ ਸ਼ਖ਼ਸੀਅਤ ਦੇ ਮਾਲਕ ਸਨ ਸ ਮਹਿੰਦਰ ਸਿੰਘ ਵਾਰੀਆ। ਜਿਨਾਂ ਨੇ ਮਾਤਾ ਨੰਤ ਕੌਰ ਦੀ ਕੁੱਖੋਂ ਪਿਤਾ ਸ ਦਲੀਪ ਸਿੰਘ ਵਾਰੀਆ ਜੀ ਦੇ ਗ੍ਰਹਿ ਪਿੰਡ ਪਠਲਾਵਾ ਵਿਖੇ 1934 ਵਿਚ ਜਨਮ ਲਿਆ । ਉਸ ਵਕਤ ਸ ਮਹਿੰਦਰ ਸਿੰਘ ਵਾਰੀਆ ਜੀ ਦਾ ਪਰਿਵਾਰ ਲਹਿਦੇ ਪੰਜਾਬ ਪਾਕਿਸਤਾਨ ਵਿਚ ਰਹਿੰਦਾ ਸੀ ।ਭਾਰਤ ਪਾਕਿਸਤਾਨ ਬਟਵਾਰੇ ਤੋ ਬਾਅਦ ਸ ਦਲੀਪ ਸਿੰਘ ਦਾ ਪੂਰਾ ਪਰਿਵਾਰ ਪਠਲਾਵਾ ਵਿਖੇ ਆ ਕੇ ਖੇਤੀਬਾੜੀ ਨਾਲ ਜੁੜ ਗਿਆ। ਉਸ ਵਕਤ ਪਾਕਿਸਤਾਨ ਤੋਂ ਮਾਈਗ੍ਰੇਟ ਹੋ ਕੇ ਆਏ ਲੋਕਾਂ ਨੂੰ ਵਾਰ ਤੋਂ ਆਏ ਹੋਏ ਲੋਕ ਕਹਿੰਦੇ ਸਨ । ਇਸ ਪ੍ਰਕਾਰ ਇਹ ਤਖੱਲਸ ਅੱਜ ਵੀ ਪਰਿਵਾਰ ਦੇ ਨਾਲ ਜੁੜਿਆ ਹੋਇਆ। ਆਪ ਦਾ ਵਿਆਹ ਸ੍ਰੀਮਤੀ ਸੁਲਿੰਦਰ ਕੌਰ ਨਾਲ ਹੋਇਆ ।ਆਪ ਦੇ ਘਰ ਦੋ ਬੇਟੀਆਂ ਅਤੇ ਦੋ ਬੇਟਿਆਂ ਨੇ ਜਨਮ ਲਿਆ। ਪਰਿਵਾਰਕ ਪ੍ਰਬੰਧਨ ਚਲਾਉਣ ਲਈ ਸ ਮਹਿੰਦਰ ਸਿੰਘ ਨੇ ਖੇਤੀਬਾੜੀ ਦੇ ਨਾਲ ਨਾਲ ਰਾਜ ਮਿਸਤਰੀ ਦਾ ਕੰਮ ਕਰਨਾ ਵੀ ਸ਼ੁਰੂ ਕਰ ਦਿੱਤਾ। ਇਸ ਤੋਂ ਬਾਅਦ ਅਰਬ ਦੇ ਦੇਸ਼ ਮਸਕਟ ਤੇ ਫਿਰ ਦੁਬਈ ਵਿਖੇ ਡੱਟ ਕੇ ਕੰਮ ਕੀਤਾ। ਫਿਰ ਆਪ ਦਾ ਵੱਡਾ ਬੇਟਾ ਸੀ ਇੰਦਰਜੀਤ ਸਿੰਘ ਵਾਰੀਆ ਵੀ ਆਪਣੇ ਪਿਤਾ ਦੀਆਂ ਲੀਹਾਂ ਤੇ ਚਲਦਾ ਹੋਇਆ ਪੁਹੰਚ ਗਿਆ ਦੁਬਈ । ਸ਼ੁਰੂਆਤੀ ਦੌਰ ਤੋਂ ਬਾਅਦ ਸ ਇੰਦਰਜੀਤ ਸਿੰਘ ਵਾਰੀਆ ਇਕ ਸਫਲ ਕਾਰੋਬਾਰੀ ਹੋ ਨਿਬੜਿਆ ।ਤੇ ਕੰਮ ਦੇ ਨਾਲ ਨਾਲ ਇਨਸਾਨੀਅਤ ਦੀ ਸੇਵਾ ਕਰਨ ਦਾ ਬੀੜਾ ਵੀ ਚੁੱਕ ਲਿਆ ਤੇ 1998 ਵਿਚ ਏਕ ਨੂਰ ਸਵੈ ਸੇਵੀ ਸੰਸਥਾ ਪਠਲਾਵਾ ਦਾ ਗਠਨ ਕਰ ਦਿਤਾ ਤੇ ਵੱਡੀ ਜ਼ਿੰਮੇਵਾਰੀ ਸ ਮਹਿੰਦਰ ਸਿੰਘ ਵਾਰੀਆ ਜੀ ਦੇ ਮੋਢਿਆਂ ਤੇ ਧਰ ਦਿਤੀ । ਸ ਮਹਿੰਦਰ ਸਿੰਘ ਵਾਰੀਆ ਸੰਸਥਾ ਦੇ ਬਾਨੀ ਸਰਪ੍ਰਸਤ ਬਣ ਗਏ। ਸ ਸਿੰਘ ਵਾਰੀਆ ਜੋਂ ਅੱਜ ਤੱਕ ਆਮ ਇਨਸਾਨਾਂ ਵਿਚ ਵਿਚਰਦੇ ਸਨ ।ਫਿਰ ਇਕ ਸਮਾਜ ਸੇਵੀ ਇਨਸਾਨਾਂ ਦੀ ਕਤਾਰ ਵਿਚ ਆ ਖੜੇ ਹੋਏ। ਲਗਭਗ 13 ਸਾਲ ਸ ਮਹਿੰਦਰ ਸਿੰਘ ਵਾਰੀਆ ਜੀ ਨੇ ਸੰਸਥਾ ਦੇ ਸਰਪ੍ਰਸਤ ਹੁੰਦਿਆਂ ਆਪਣੇ ਆਪ ਨੂੰ ਇਨਸਾਨੀਅਤ ਦੀ ਸੇਵਾ ਲਈ ਸਮਰਪਿਤ ਕਰ ਦਿਤਾ। ਆਪ ਜੀ ਦਾ ਛੋਟਾ ਬੇਟਾ ਸ ਤਰਲੋਚਨ ਸਿੰਘ ਵਾਰੀਆ ਅਤੇ ਸਮੂਹ ਪਰਿਵਾਰ ਕਿਰਤ ਕਰੋ, ਨਾਂਮ ਜਪੋ ਅਤੇ ਵੰਡ ਛਕੋ ਦੇ ਸਿਧਾਂਤ ਤੇ ਚੱਲਦਿਆਂ ਸਮਾਜ ਸੇਵਾ ਦੇ ਖੇਤਰ ਵਿਚ ਲੋੜਵੰਦ ਸਮਾਜ ਨੂੰ ਵੱਡੀਆਂ ਸੇਵਾਵਾਂ ਪ੍ਰਦਾਨ ਕਰ ਰਹੇ ਹਨ।

ਸਵ ਸ ਮਹਿੰਦਰ ਸਿੰਘ ਵਾਰੀਆ ਜੀ 4 ਦਸੰਬਰ 2010 ਨੂੰ ਇਸ ਫਾਨੀ ਸੰਸਾਰ ਨੂੰ ਅਲਵਿਦਾ ਆਖ ਕੇ ਗੁਰੂ ਚਰਨਾਂ ਵਿੱਚ ਜਾ ਵਿਰਾਜੇ ਸਨ। ਅੱਜ ਉਹਨਾਂ ਦਾ ਪਰਿਵਾਰ ਅਤੇ ਏਕ ਨੂਰ ਸਵੈ ਸੇਵੀ ਸੰਸਥਾ ਪਠਲਾਵਾ ਵਲੋਂ ਸਵ ਸ ਮਹਿੰਦਰ ਸਿੰਘ ਵਾਰੀਆ ਜੀ ਦੀ ਪੰਦਰਵੀ ਬਰਸੀ ਮਨਾਉਣ ਹਿੱਤ ਉਹਨਾਂ ਦੇ ਗ੍ਰਹਿ ਪਿੰਡ ਪਠਲਾਵਾ ਵਿਖੇ ਇਕ ਧਾਰਮਿਕ ਸਮਾਗਮ ਕਰਵਾਇਆ ਜਾ ਰਿਹਾ ਹੈ ਜਿਸ ਤਹਿਤ ਧੰਨ ਧੰਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਬਾਣੀ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਦੇ ਭੋਗ ਪਾਏ ਜਾਣਗੇ ਉਪਰੰਤ ਕੀਰਤਨ ਅਤੇ ਕਥਾ ਵਿਚਾਰਾਂ ਹੋਣਗੀਆਂ। ਇਸ ਤੋਂ ਬਾਅਦ ਇਲਾਕੇ ਦੀਆਂ ਸਮਾਜ ਸੇਵੀ ਸੰਸਥਾਵਾਂ ਵਲੋਂ ਸ ਵਾਰੀਆ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਜਾਣਗੇ

ਧੰਨਵਾਦ ਸਹਿਤ ਜੀ

-ਹਰਪ੍ਰੀਤ ਸਿੰਘ ਪਠਲਾਵਾ

# ਘਰ-ਘਰ ਜਾ ਮੰਗੀਆਂ ਜਾ ਰਹੀਆਂ ਵੋਟਾਂ



ਧੂਰੀ ( ਰਣਜੀਤ ਸਿੰਘ ਪੇਧਨੀ )-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਹਲਕੇ ਦੇ ਵਿੱਚ ਪੈਂਦੇ ਪਿੰਡ ਕਾਂਝਲਾ ਅਤੇ ਹਸਨਪੁਰ ਜੋਨ ਤੋਂ ਉਮੀਦਵਾਰ ਰਣਯੋਧ ਸਿੰਘ ਕਾਂਝਲਾ ਵੱਲੋਂ ਪਿੰਡ ਵਿੱਚ ਆਪਣੀ ਮੁਹਿੰਮ ਨੂੰ ਡੋਰ ਟੂ ਡੋਰ ਕਰਕੇ ਸਿਖਰਾਂ ਤੇ ਪਹੁੰਚਾਇਆ ਹੋਇਆ ਹੈ। ਇਸ ਮੌਕੇ ਪ੍ਰੈਸ ਨਾਲ ਜਾਣਕਾਰੀ ਸਾਂਝੀ ਕਰਦਿਆਂ ਰਨਜੋਤ ਸਿੰਘ ਕਾਂਜਲਾ ਨੇ ਕਿਹਾ ਹੈ ਕਿ ਉਹ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਣ ਦੀਆਂ ਲੋਕ ਭਲਾਈ ਨੀਤੀਆਂ ਨੂੰ ਦੱਸ ਕੇ ਪਿੰਡ ਵਿੱਚ ਵੋਟ ਮੰਗ ਰਹੇ ਹਨ ਲੋਕਾਂ ਵੱਲੋਂ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਉਹਨਾਂ ਕਿਹਾ ਕਿ ਪੰਜਾਬ ਦੀਆਂ ਰਾਜਨੀਤਿਕ ਪਾਰਟੀਆਂ ਤੋਂ ਪੰਜਾਬ ਦੇ ਲੋਕਾਂ ਦਾ ਮੋਹ ਭੰਗ ਹੋ ਚੁੱਕਿਆ ਹੈ। ਜੋ ਮਾਨ ਸਰਕਾਰ ਨੇ ਚਾਰ ਸਾਲਾਂ ਦੇ ਵਿੱਚ ਕੰਮ ਕਰ ਦਿਖਾਏ ਹਨ। ਉਹ ਪਿਛਲੀਆਂ ਸਰਕਾਰਾਂ 70 ਸਾਲਾਂ ਦੇ ਵਿੱਚ ਵੀ ਨਹੀਂ ਕਰ ਸਕੀਆਂ ਇਹਨਾਂ ਕੰਮਾਂ ਨੂੰ ਦੇਖਦਿਆਂ ਹੋਇਆ ਲੋਕ ਪੰਜਾਬ ਵਿੱਚ ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਦੀਆਂ ਚੋਣਾਂ ਵਿੱਚ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਨੂੰ ਵੱਡੇ ਮਾਰਜਨ ਨਾਲ ਜਿਤਾ ਕੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਹੱਥ ਮਜਬੂਤ ਕਰਨਗੇ।

# 39 ਵਾਰ ਮੀਟਿੰਗਾਂ ਦਾ ਸੱਦਾ ਦੇ ਕੇ ਮੁੱਕਰੇ ਮੁੱਖ ਮੰਤਰੀ ਭਗਵੰਤ ਮਾਨ

### ਸਰਕਾਰੀ ਵਿਭਾਗਾਂ ਦੇ ਨਿੱਜੀਕਰਨ ਦੀ ਨੀਤੀ ਨੂੰ ਰੱਦ ਕਰਕੇ ਠੇਕਾ ਮੁਲਾਜ਼ਮਾਂ ਨੂੰ ਪੱਕਾ ਕਰੇ ਸਰਕਾਰ



**ਹੁਸ਼ਿਆਰਪੁਰ, 6 ਦਸੰਬਰ (ਆਵਾਜ਼ਿ ਕੌਮ ਬਿਊਰੋ)**- ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ (ਪੰਜਾਬ) ਦੇ ਬੈਨਰ ਹੇਠ ਸਰਕਾਰੀ ਵਿਭਾਗਾਂ ਦੇ ਠੇਕਾ ਮੁਲਾਜ਼ਮਾਂ ਵੱਲੋਂ ਵਿਭਾਗਾਂ ਦੇ ਨਿੱਜੀਕਰਨ ਦੀ ਨੀਤੀ ਨੂੰ ਰੱਦ ਕਰਕੇ ਠੇਕਾ ਮੁਲਾਜ਼ਮਾਂ ਨੂੰ ਵਿਭਾਗਾਂ ਵਿੱਚ ਪੱਕਾ ਕਰਨ ਦੀ ਮੰਗ ਨੂੰ ਲੈਕੇ ਕੀਤੀ ਜਾ ਰਹੀ ਤਿੰਨ ਰੋਜਾ ਹੜਤਾਲ ਦੇ ਪਹਿਲੇ ਦਿਨ ਜਲ ਸਪਲਾਈ ਸੈਨੀਟੇਸ਼ਨ ਕੰਟੈਕਟ ਵਰਕਰ ਯੂਨੀਅਨ ਰਜਿਸਟਰ ਨੰ ਮਿਨੀ ਸਕੱਤਰੇਜ ਹੁਸ਼ਿਆਰਪੁਰ ਅੱਗੇ ਧਰਨਾ ਦਿੱਤਾ ਗਿਆ ਤੇ ਸੰਬੋਧਨ ਕਰਦਿਆਂ ਜਿਲਾ ਪ੍ਰਧਾਨ ਜਤਿੰਦਰ ਸਿੰਘ ਬਧੱਣ, ਓਂਕਾਰ ਸਿੰਘ ਢਾਡਾ ਦਫਤਰੀ ਸਕੱਤਰ ਪੰਜਾਬ ਜਲ ਸਪਲਾਈ ਸੈਨੀਟੇਸ਼ਨ ਕੰਟੈਕਟ ਯੂਨੀਅਨ ਤੇ ਜਗਦੀਪ ਸਿੰਘ ਜ਼ਿਲ੍ਹਾ ਪ੍ਰਧਾਨ ਵੇਰਕਾ ਨੇ ਕਿਹਾ ਪਾਵਰ ਕੌਮ ਤੋਂ ਐਡ ਟਰਾਸਕੋ ਠੇਕਾ ਮੁਲਾਜ਼ਮ ਯੂਨੀਅਨ ਸਰਕਲ ਪ੍ਰਧਾਨ ਇੰਦਰਪ੍ਰੀਤ ਸਿੰਘ ਸਬ ਡਿਵੀਜ਼ਨ ਪ੍ਰਧਾਨ ਗੁਰਜੀਤ ਸਿੰਘ ਤੇ ਵਿਰਕਾਂ ਮਿਲਕ ਪਲਾਂਟ ਯੂਨੀਅਨ ਕ ਸਮੂਹ ਸਰਕਾਰੀ ਵਿਭਾਗਾਂ ਦੇ ਠੇਕਾ ਮੁਲਾਜ਼ਮਾਂ ਨੂੰ ਵਿਭਾਗਾਂ ਵਿੱਚ ਮਰਜ਼ ਕਰਕੇ ਪੱਕਾ ਕਰਨ ਦਾ ਵਾਅਦਾ ਕਰਕੇ ਸੱਤਾ ਵਿੱਚ ਆਈ 'ਆਪ ਸਰਕਾਰ' ਨੇ ਆਪਣੇ ਕਾਰਜ਼ਕਾਲ ਦੇ ਪੌਣੇ ਚਾਰ ਸਾਲਾਂ ਵਿੱਚ ਠੇਕਾ ਮੁਲਾਜ਼ਮਾਂ ਨੂੰ ਪੱਕਾ ਕਰਨ ਸੰਬੰਧੀ ਹਜ਼ੇ ਤੱਕ ਕੋਈ ਵੀ ਨੀਤੀ ਨਹੀਂ ਬਣਾਈ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਸਰਕਾਰੀ ਵਿਭਾਗਾਂ ਦੇ ਠੇਕਾ ਮੁਲਾਜ਼ਮਾਂ ਦੀ ਕਿਰਤ ਦੀ ਕੀਤੀ ਜਾ ਰਹੀ ਅੰਨੀ-ਲੁੱਟ ਨੂੰ ਬੰਦ ਕਰਨ ਦੇ ਐਲਾਨ ਮਗਰੋਂ ਵੀ ਠੇਕਾ ਮੁਲਾਜ਼ਮਾਂ ਨੂੰ ਠੇਕਾ ਪ੍ਰਣਾਲੀ ਦੀ ਚੱਕੀ ਵਿੱਚ ਪਿਸਣ ਲਈ ਮਜ਼ਬੂਰ ਕੀਤਾ ਹੋਇਆ ਹੈ ਅਤੇ ਸਰਕਾਰੀ ਵਿਭਾਗਾਂ ਦੇ ਠੇਕਾ ਮੁਲਾਜ਼ਮਾਂ ਨੂੰ ਵਿਭਾਗਾਂ ਵਿੱਚ ਪੱਕਾ ਨਹੀਂ ਕੀਤਾ ਜਾ ਰਿਹਾ,ਜਿਸ ਤੋਂ ਸਿੱਧ ਹੁੰਦਾ ਹੈ ਕਿ 'ਆਪ ਸਰਕਾਰ' ਵੀ ਪਿਛਲੀਆਂ ਸਰਕਾਰਾਂ ਦੀ ਤਰਾਂ ਆਊਟਸੋਰਸ਼ਡ ਅਤੇ ਇਨਲਿਸਟਮੈਂਟ ਠੇਕਾ ਮੁਲਾਜ਼ਮਾਂ ਨਾਲ਼ ਨੰਗਾ-ਚਿੱਟਾ ਧੋਖਾ ਕਰ ਰਹੀ ਹੈ ਅਤੇ ਪੰਜਾਬ ਸਰਕਾਰ ਵੱਲੋਂ ਪਿਛਲੀਆਂ ਸਰਕਾਰਾਂ ਦੀ ਤਰ੍ਹਾਂ ਹੀ ਕੇਂਦਰ ਸਰਕਾਰ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਲੋਕਾਂ ਨੂੰ ਸਸਤੀਆਂ ਸੇਵਾਵਾਂ ਦੇਣ ਵਾਲੇ ਸਮੂਹ ਸਰਕਾਰੀ ਅਦਾਰਿਆਂ ਤੇ ਨਿੱਜੀਕਰਨ ਦਾ ਹੱਲਾ ਵਿੱਢਿਆ ਹੋਇਆ ਹੈ ਅਤੇ ਨਿੱਜੀਕਰਨ ਦੇ ਇਸ ਹੱਲੇ ਤਹਿਤ ਸਮੂਹ ਸਰਕਾਰੀ ਵਿਭਾਗਾਂ ਵਿੱਚੋਂ ਕੰਮ-ਭਾਰ ਨੀਤੀ ਮੁਤਾਬਿਕ ਤਹਿ ਕੀਤੀਆਂ ਪੱਕੀਆਂ ਅਸਾਮੀਆਂ ਦਾ ਖਾਤਮਾ ਕੀਤਾ ਜਾ ਰਿਹਾ ਹੈ ਅਤੇ ਸਰਕਾਰੀ ਵਿਭਾਗਾਂ ਦੀਆਂ ਜਮੀਨਾਂ ਨੂੰ ਵੇਚਿਆ ਜਾ ਰਿਹਾ ਹੈ ਅਤੇ ਨਿੱਜੀਕਰਨ ਦੇ ਇਸ ਹੱਲੇ ਤਹਿਤ ਹੀ ਆਊਟਸੋਰਸ਼ਡ/ਇਨਲਿਸਟਮੈਂਟ ਠੇਕਾ ਮੁਲਾਜ਼ਮਾਂ ਨੂੰ ਵਿਭਾਗਾਂ ਵਿੱਚ ਪੱਕਾ ਨਹੀਂ ਕੀਤਾ ਜਾ ਰਿਹਾ,ਜਿਸ ਦੇ ਵਿਰੋਧ ਵਜੋਂ ਅੱਜ ਸਮੁੱਚੇ ਪੰਜਾਬ ਵਿੱਚ ਸਰਕਾਰੀ ਵਿਭਾਗਾਂ ਦੇ ਠੇਕਾ ਮੁਲਾਜ਼ਮ 2-3 ਅਤੇ 4 ਦਸੰਬਰ ਨੂੰ ਤਿੰਨ ਰੋਜਾ ਹੜਤਾਲ਼ ਕਰਕੇ ਆਪਣੇ-ਆਪਣੇ ਵਿਭਾਗਾਂ ਦੇ ਦਫਤਰਾਂ ਅੱਗੇ ਰੋਸ ਪ੍ਰਦਰਸ਼ਨ ਕਰਨ ਦੇ ਉਲੀਕੇ ਸੰਘਰਸ਼ ਪ੍ਰੋ.ਤਹਿਤ 3 ਦਿਨ ਰੋਸ਼ ਪ੍ਰਦਰਸ਼ਨ ਕੀਤਾ ਜਾ ਰਿਹਾ ਹੈ।

## ਇੱਕ ਨਜ਼ਰ ...



### ਡਾ. ਅੰਬੇਡਕਰ ਕਮਿਊਨਟੀ ਹਾਲ ਬੌੜਾਂ ਗੇਟ ਨਾਭਾ ਵਿਖੇ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਦਾ 69ਵਾਂ ਮਹਾ ਪ੍ਰੀਨਿਰਵਾਨ ਦਿਵਸ ਮਨਾਇਆ ਗਿਆ

ਨਾਭਾ, 6 ਦਸੰਬਰ (ਗੁਰਬਖਸ਼ ਸਿੰਘ ਸੰਧੂ)- ਸ੍ਰੀ ਗੁਰੂ ਰਵਿਦਾਸ ਸੇਵਾ ਸੋਸਾਇਟੀ (ਰਜਿ:) ਨਾਭਾ ਦੀ ਅਗਵਾਈ ਵਿੱਚ ਭਰਾਤਰੀ ਜਥੇਬੰਦੀਆਂ ਜਬਰ ਜੁਲਮ ਵਿਰੋਧੀ ਫਰੰਟ ਪੰਜਾਬ ਅਤੇ ਮੋਟਰਸਾਇਕਲ ਰੇਹੜੀ ਯੂਨੀਅਨ ਨਾਭਾ ਦੇ ਸਹਿਯੋਗ ਨਾਲ ਡੇਰਾ ਸ੍ਰੀ ਗੁਰੂ ਰਵਿਦਾਸ ਬੌੜਾਂ ਗੇਟ ਨਾਭਾ ਵਿਖੇ ਬਣੇ ਡਾ. ਅੰਬੇਡਕਰ ਕਮਿਊਨਟੀ ਹਾਲ ਵਿਖੇ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਦਾ ਮਹਾ ਪ੍ਰੀਨਿਰਵਾਨ ਦਿਵਸ ਮਨਾਇਆ ਗਿਆ। ਇਸ ਮੌਕੇ ਤੇ ਅਮਰ ਸਿੰਘ ਟੋਡਰਵਾਲ ਜਨ: ਸਕੱਤਰ ਸ੍ਰੀ ਗੁਰੂ ਰਵਿਦਾਸ ਸੇਵਾ ਸੋਸਾਇਟੀ ਅਤੇ ਦਲਬੀਰ ਸਿੰਘ ਛੀਟਾਂਵਾਲਾ ਸਕੱਤਰ, ਜਬਰ ਜੁਲਮ ਵਿਰੋਧੀ ਫਰੰਟ ਦੇ ਪ੍ਰਧਾਨ ਰਾਜ ਸਿੰਘ ਟੋਡਰਵਾਲ, ਮੋਟਰਸਾਇਕਲ ਰੇਹੜੀ ਯੂਨੀਅਨ ਦੇ ਪ੍ਰਧਾਨ ਗੁਰਜੰਟ ਸਿੰਘ ਜੰਟਾ ਮਹਿਮੀ, ਹੇਮਰਾਜ (ਇੱਛੇਵਾਲ), ਨਿਸ਼ਾਨ ਸਿੰਘ ਕਕਰਾਲਾ ਨੇ ਬਾਬਾ ਸਾਹਿਬ ਦੇ ਮਿਸ਼ਨ ਅਤੇ ਜੀਵਨ ਤੇ ਵਿਸਥਾਰ ਨਾਲ ਚਾਨਣਾ ਪਾਇਆ ਅਤੇ ਬਹੁਜਨ ਸਮਾਜ ਨੂੰ ਇੱਕ ਮੰਚ ਤੇ ਇਕੱਠੇ ਹੋਣ ਦਾ ਸੱਦਾ ਦਿੱਤਾ। ਡਾ. ਅੰਬੇਡਕਰ ਕਮਿਊਨਟੀ ਹਾਲ ਨਾਭਾ ਤੋਂ ਵੱਡੇ ਕਾਫਲੇ ਦੇ ਰੂਪ ਵਿੱਚ ਬਜਾਰਾਂ ਵਿੱਚੋਂ ਹੁੰਦੇ ਹੋਏ ਪਟਿਆਲਾ ਗੇਟ ਨਾਭਾ ਵਿਖੇ ਡਾ. ਅੰਬੇਡਕਰ ਦੇ ਬੁੱਤ ਤੇ ਫੁੱਲ ਮਾਲਾ ਅਰਪਿਤ ਕੀਤੀ। ਇਸ ਮੌਕੇ ਤੇ ਵਿਸ਼ੇਸ਼ ਤੌਰ ਤੇ ਹਾਜ਼ਰ ਹੋਏ ਲੈਕਚਰਾਰ ਰਵਿੰਦਰ ਸਿੰਘ, ਗੁਰਮੁੱਖ ਸਿੰਘ ਤੂੰਗਾਂ, ਰਾਮਧਨ ਸਿੰਘ ਰਾਮਗੜ੍ਹ, ਹੰਸ ਰਾਜ ਮਹਿਮੀ ਅਤੇ ਕੇਸਰ ਸਿੰਘ ਜਸਪਾਲ ਕਲੋਨੀ, ਕਰਮ ਸਿੰਘ ਪੁੱਡਾ ਕਲੋਨੀ, ਕੁਲਦੀਪ ਸਿੰਘ ਜੌਲੀਆਂ, ਬੇਅੰਤ ਸਿੰਘ ਮੂਲਾਬੱਧਾ, ਬਲਵਿੰਦਰ ਸਿੰਘ ਗਲਵੱਟੀ, ਸਤਪਾਲ ਸਿੰਘ ਬਿੱਲਾ, ਸੁਰਜੀਤ ਸਿੰਘ ਮੀਤਾ, ਹਰਦੀਪ ਸਿੰਘ, ਸੇਰ ਸਿੰਘ, ਜੋਗਿੰਦਰ ਸਿੰਘ, ਰਮਜਾਨ ਖਾਨ, ਮਨੋਜ ਕੁਮਾਰ ਮੌਜੀ ਆਦਿ ਵਿਸ਼ੇਸ਼ ਤੌਰ ਤੇ ਹਾਜ਼ਰ ਹੋਏ।

### ਭਾਰਤ ਰਤਨ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦਾ 69ਵਾਂ ਪ੍ਰੀ-ਨਿਰਵਾਨ ਦਿਵਸ ਸ਼ਰਧਾ ਪੂਰਵਕ ਮਨਾਇਆ



ਨਾਭਾ, 6 ਦਸੰਬਰ (ਗੁਰਬਖਸ਼ ਸਿੰਘ ਸੰਧੂ)- ਪਟਿਆਲਾ ਗੇਟ ਨਾਭਾ ਵਿਖੇ ਸੰਵਿਧਾਨ ਬਚਾਓ ਅੰਦੋਲਨ ਭਾਰਤ ਅਤੇ ਸਮਾਜ ਦੀਆਂ ਸਮੂਹ ਭਰਾਤਰੀ ਜਥੇਬੰਦੀਆਂ ਵੱਲੋਂ ਭਾਰਤ ਰਤਨ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦਾ 69ਵਾਂ ਪ੍ਰੀ-ਨਿਰਵਾਨ ਦਿਵਸ ਗੁਰਚਰਨ ਸਿੰਘ ਰਾਮਗੜ੍ਹ ਕਨਵੀਨਰ ਸੰਵਿਧਾਨ ਬਚਾਓ ਅੰਦੋਲਨ ਭਾਰਤ ਦੀ ਅਗਵਾਈ ਵਿੱਚ ਬੜੀ ਸ਼ਰਧਾ ਪੂਰਵਕ ਮਨਾਇਆ ਗਿਆ। ਇਸ ਮੌਕੇ ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਜੀ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦਿਆਂ ਸ. ਰਾਮਗੜ੍ਹ ਨੇ ਕਿਹਾ ਕਿ ਦਲਿਤ ਸਮਾਜ ਨੇ ਜਿੰਨੀ ਵੀ ਤਰੱਕੀ ਕੀਤੀ ਹੈ, ਉਹ ਵਿੱਚ ਬਾਬਾ ਸਾਹਿਬ ਦਾ ਬਹੁਤ ਵੱਡਾ ਯੋਗਦਾਨ ਹੈ, ਕਿਉਂਕਿ ਰਿਜਰਵੇਸ਼ਨ ਦੀ ਬਦੌਲਤ ਵੱਖ-ਵੱਖ ਵਿਭਾਗਾਂ ਵਿੱਚ ਦਲਿਤ ਸਮਾਜ ਦੇ ਮੁਲਾਜ਼ਮ ਉੱਚ ਅਹੁੱਦਿਆਂ ਤੇ ਬਿਰਾਜਮਾਣ ਹੋਏ ਹਨ, ਇਹ ਸਭ ਬਾਬਾ ਸਾਹਿਬ ਜੀ ਦੀ ਹੀ ਦੇਣ ਹੈ। ਸਾਨੂੰ ਉਹਨਾਂ ਦੇ ਸੁਫਨਿਆਂ ਨੂੰ ਸਾਕਾਰ ਕਰਨ ਲਈ ਪੇ ਬੈਕ ਟੂ ਸੋਸਾਇਟੀ ਦਾ ਫਾਰਮੂਲਾ ਅਪਨਾ ਕੇ ਆਪਣੇ ਪੱਛੜੇ ਸਮਾਜ ਨੂੰ ਉਪਰ ਚੁੱਕਣ ਲਈ ਉਪਰਾਲਾ ਕਰਨਾ ਚਾਹੀਦਾ ਹੈ ਤਾਂ ਜੋ ਉਹ ਵੀ ਵਧੀਆ ਜ਼ਿੰਦਗੀ ਜੀਅ ਸਕਣ। ਇਸ ਮੌਕੇ ਹੋਰਨਾਂ ਤੋਂ ਇਲਾਵਾ ਕੇਵਲ ਸਿੰਘ ਕੋਟ ਕਲ੍ਹਾਂ, ਅਵਤਾਰ ਸਿੰਘ ਅਗੇਤੀ, ਕੁਲਵੰਤ ਸਿੰਘ ਅਟਵਾਲ, ਜੰਗ ਸਿੰਘ ਤੂੰਗਾਂ, ਕਰਨੈਲ ਸਿੰਘ ਗੁਣੀਕੇ, ਰਣਜੀਤ ਸਿੰਘ ਜੇ.ਈ., ਤਰਲੋਕ ਸਿੰਘ ਨਾਭਾ, ਚਮਕੌਰ ਸਿੰਘ ਪੰਚ ਅਗੇਤੀ ਆਦਿਕ ਆਗੂਆਂ ਨੇ ਬਾਬਾ ਸਾਹਿਬ ਨੂੰ ਫੁੱਲ ਮਾਲਾਵਾਂ ਭੇਂਟ ਕਰਕੇ ਸ਼ਰਧਾ ਦੇ ਫੁੱਲ ਭੇਂਟ ਕੀਤੇ ਅਤੇ ਉਨ੍ਹਾਂ ਦੇ ਸੁਫਨਿਆਂ ਨੂੰ ਸਾਕਾਰ ਕਰਨ ਲਈ ਪ੍ਰਣ ਲਿਆ। ਇਸ ਮੌਕੇ ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਜੀ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦਿਆਂ ਸ. ਰਾਮਗੜ੍ਹ ਨੇ ਕਿਹਾ ਕਿ ਦਲਿਤ ਸਮਾਜ ਨੇ ਜਿੰਨੀ ਵੀ ਤਰੱਕੀ ਕੀਤੀ ਹੈ, ਉਹ ਵਿੱਚ ਬਾਬਾ ਸਾਹਿਬ ਦਾ ਬਹੁਤ ਵੱਡਾ ਯੋਗਦਾਨ ਹੈ, ਕਿਉਂਕਿ ਰਿਜਰਵੇਸ਼ਨ ਦੀ ਬਦੌਲਤ ਵੱਖ-ਵੱਖ ਵਿਭਾਗਾਂ ਵਿੱਚ ਦਲਿਤ ਸਮਾਜ ਦੇ ਮੁਲਾਜ਼ਮ ਉੱਚ ਅਹੁੱਦਿਆਂ ਤੇ ਬਿਰਾਜਮਾਣ ਹੋਏ ਹਨ, ਇਹ ਸਭ ਬਾਬਾ ਸਾਹਿਬ ਜੀ ਦੀ ਹੀ ਦੇਣ ਹੈ। ਸਾਨੂੰ ਉਹਨਾਂ ਦੇ ਸੁਫਨਿਆਂ ਨੂੰ ਸਾਕਾਰ ਕਰਨ ਲਈ ਪੇ ਬੈਕ ਟੂ ਸੋਸਾਇਟੀ ਦਾ ਫਾਰਮੂਲਾ ਅਪਨਾ ਕੇ ਆਪਣੇ ਪੱਛੜੇ ਸਮਾਜ ਨੂੰ ਉਪਰ ਚੁੱਕਣ ਲਈ ਉਪਰਾਲਾ ਕਰਨਾ ਚਾਹੀਦਾ ਹੈ ਤਾਂ ਜੋ ਉਹ ਵੀ ਵਧੀਆ ਜ਼ਿੰਦਗੀ ਜੀਅ ਸਕਣ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243